
# ਕਵਿ ਕੰਕਣ ਕ੍ਰਿਤ:

# ਦਸ ਗੁਰ ਕਥਾ

## "Das Gur Katha"

(Gurmukhi Text)




The Sarbloh Scholar Publications

MMXXII Pracheen Collective

ੴ ਸਤਿਗੁਰ ਪ੍ਰਸਾਦਿ ॥

## ਅਥ ਕਵਿ ਕੰਕਣ ਕ੍ਰਿਤ

# ਸੰਛੇਪ ਦਸ ਗੁਰ ਕਥਾ

# ਸ੍ਰੀ ਗੁਰੂ ਨਾਨਕ ਦੇਵ ਜੀ

ਚੌਪਈ–

ਸ੍ਰੀ ਗੁਰੂ ਥਪਏ ਕਰਤਾਰਾ ।
ਨਾਨਕ ਰੂਪ ਧਰਾ ਸੰਸਾਰਾ ।
ਏਕੈ ਰੂਪ ਅਨੂਪ ਸਰੂਪਾ ।
ਦੇਵੀ ਦੇਵ ਚਹਿਤ ਜਿੰਹ ਭੂਪਾ ॥੧॥

ਸਗਲ ਭਵਨ ਕਾ ਤਾਰਕ ਜਾਨੋ ।
ਸਤਿ ਸਰੂਪ ਪਰਮਾਤਮ ਮਾਨੋ ।
ਕੇਵਲ ਪ੍ਰੇਮ ਕੀ ਅੰਮ੍ਰਿਤ ਖਾਨਾ ।
ਨਾਨਕ ਰੂਪ ਧਰਾ ਜਗ ਆਨਾ ॥੨॥

ਆਦਿ ਅੰਤ ਮਧ ਇਕ ਕਰਤਾਰਾ ।
ਨਾਉ ਚਉਬੀਸ ਏਕ ਆਧਾਰਾ ।
ਸਤਿ ਸਰੂਪ ਜਿਨ ਏਕ ਸੁਮਾਰਾ ।
ਨਾਨਕ ਜਨਮ ਜਗਤ ਨਿਸਤਾਰਾ ॥੩॥

ਦੋਹਰਾ–

ਸਭ ਪ੍ਰਿਤਪਾਲਕ ਗੁਬਿੰਦ ਹੈ ਅੰਤਰਜਾਮੀ ਸੋਇ ।
ਛਿਅ ਚਾਰ ਉਪਮਾ ਕਹੋਂ ਨਾਨਕ ਕਰੈ ਸੁ ਹੋਇ ॥੪॥

ਸ੍ਵੈਯਾ–

ਏਹੁ ਕਿਯਾ ਉਪਕਾਰ ਬਡਾ ਗੁਰ ਅਛਰ ਬੇਦਨ ਕੇ ਪਲਟਾਏ ।
ਗੁਰਮੁਖਿ ਅਖਯਰ ਕੀਨੇ ਤਬੈ ਜਬ ਕੈਸਿਓਂ ਕੋ ਨਰ ਕਸ਼ਟ ਨ ਪਾਏ ।
ਐਸੀ ਹੁਤੀ ਜਗ ਮੈਂ ਨ ਕਦਾਚਿਤ ਮੋ ਸੇ ਗ਼ਰੀਬ ਕੋ ਕੌਨ ਸਿਖਾਏ ।
ਖਸ਼ਟ ਹੀ ਮਾਸ ਮੇਂ ਹੋਤ ਪਰਾਪਤ ਬੁਧਿ ਬਿਹੀਨ ਕੋ ਕੌਨ ਬਤਾਏ ॥੫॥

ਦੋਹਰਾ–

ਧੰਨ ਧੰਨ ਨਾਨਕ ਗੁਰੂ ਕੀਨਾ ਪਰਉਪਕਾਰ ।
ਅਛਰ ਕਾ ਪੁਲ ਬਾਂਧਿਕੈ ਸ੍ਰਿਸ਼ਟਿ ਉਤਾਰੀ ਪਾਰ ॥੬॥

# ਸ੍ਰੀ ਗੁਰੂ ਅੰਗਦ ਦੇਵ ਜੀ

ਸਰੋਠਾ–
ਜੋਤਹਿ ਜੋਤਿ ਮਿਲਾਇ ਨਾਨਕ ਗੁਰ ਅੰਗਦ ਕੀਆ ।
ਦਈ ਥਾਪਨਾ ਤਾਂਹਿ ਦੀਪ ਜਗਾਯੋ ਦੀਪ ਸੋਂ ॥੭॥

ਸ੍ਵੈਯਾ–
ਥਾਪ ਕੀਆ ਲਹਿਣਾ ਗੁਰੁ ਅੰਗਦ ਅੰਗ ਸੋਂ ਲਾਇ ਦਈ ਗੁਰਿਆਈ ।
ਰੂਪ ਭਏ ਬਿਬ ਜੋਤਿ ਵਹੀ ਜੈਸੇ ਦੀਪ ਕੀ ਜੋਤਿ ਸੋਂ ਦੀਪ ਜਗਾਈ ।
ਐਸੇ ਹੀ ਰੂਪ ਭਏ ਗੁਰ ਅੰਗਦ ਤੀਨ ਹੂੰ ਲੋਕ ਮੈਂ ਦੀਪ ਜਗਾਈ ।
ਮਾਨਹੁ ਫੇਰ ਲਿਯਾ ਅਵਤਾਰ ਸੁ ਕਲਿਜੁਗ ਮੇ ਨਿਜ ਆਨ ਕਨ੍ਹਾਈ ॥੮॥

ਸਿਖ ਭਏ ਗੁਰ ਅੰਗਦ ਕੇ ਸਭ ਦੇਵ ਔ ਦੈਂਤ ਮਨੁਖ ਸਬਾਏ ।
ਜੋਗੀ ਔ ਜੰਗਮ ਸ਼ੇਖ ਮਸ਼ਾਇਖੁ ਪੀਰ ਫਕੀਰ ਸਭੈ ਮਿਲਿ ਆਏ ।
ਰਾਇ ਔ ਰੰਕ ਸਭੈ ਮਿਲਿਕੈ ਗੁਰ ਚਰਨਨ ਉਪਰ ਸੀਸ ਨਿਵਾਏ ।
ਸਿਧ ਔ ਸਾਧ ਜਪੈਂ ਗੁਰ ਕੋ ਤਾਂਤੇ ਕਾਲ ਕੇ ਜਾਲ ਕੇ ਬੀਚ ਨ ਪਾਏ ॥੯॥

ਪ੍ਰੀਤ ਕਰੋ ਗੁਰ ਅੰਗਦ ਸੋਂ ਮਨ ਯਾਹੀ ਤੇ ਛੂਟਨ ਹੋਇ ਤੁਮਾਰਾ ।
ਔਰ ਉਪਾਵ ਨ ਛੂਟਨ ਪਾਵੈਂਗੋ ਕਾਲ ਹੈ ਸੀਸ ਪੈ ਦੇਖਨਹਾਰਾ ।
ਚਾਰ ਹੀ ਜੁਗ ਸੋਂ ਚਾਰ ਹੀ ਅਖਯਰ ਆਨਕੀਆ ਜਗ ਮਾਂਹਿ ਪਸਾਰਾ ।
ਯਾਂਕੇ ਸਮਾਨ ਨਹੀ ਕਲਿ ਮੇਂ ਕੋਊ ਵਾਹਿਗੁਰੂ ਜਪਦਾ ਜਗ ਸਾਰਾ ॥੧੦॥

ਏਕ ਹੀ ਬਾਰ ਜਪੈ ਗੁਰ ਕੋ ਕੋਊ ਕਾਲ ਕੋ ਡੰਡ ਨ ਮੂੰਡ ਪੈ ਆਵੈ ।
ਲੀਨ ਭਯੋ ਗੁਰ ਚਰਨਨ ਸੋਂ ਜੋਊ ਤੀਨ ਹੂੰ ਲੋਕ ਮੈਂ ਸੋ ਨਰ ਭਾਵੈ ।
ਚਰਨ ਬਸੈਂ ਗੁਰ ਕੇ ਜਿਸਕੇ ਉਰ ਭੂਪਨ ਕੋ ਵਹ ਭੂਪ ਕਹਾਵੈ ।
ਚਾਰ ਪਦਾਰਥ ਸੋ ਨਰ ਪਾਵਤ ਵਾਹਿਗੁਰੂ ਇਕ ਵਾਰ ਬੁਲਾਵੇ ॥੧੧॥

ਵਾਹਿਗੁਰੂ ਉਚਰੈ ਮੁਖ ਤੇ ਤਿਸੁ ਰੋਗ ਔ ਸੋਗ ਕਿ ਭਉ ਨ ਬਿਆਪੈ ।
ਵਾਹਿਗੁਰੂ ਉਚਰੈ ਮੁਖ ਤੇ ਤਿਸੁ ਕਾਲ ਔ ਬਯਾਲ ਨਹੀ ਕੋਊ ਖਾਪੈ ।
ਗੋਬਿੰਦ ਔ ਗੁਰ ਭੇਦ ਨਹੀਂ ਗੁਰ ਚਾਰ ਹੀ ਜੁਗ ਹੈ ਆਪ ਹੀ ਆਪੈ ॥੧੨॥

## ਸ੍ਰੀ ਗੁਰੂ ਅਮਰਦਾਸ ਜੀ

ਦੋਹਰਾ–
ਅਮਰਦਾਸ ਕੋ ਥਾਪਨਾ ਗੁਰ ਅੰਗਦ ਸਭ ਕੀਨ ।
ਟਹਿਲ ਕਮਾਈ ਗੁਰੂ ਕੀ ਉਤਮ ਪਦਵੀ ਲੀਨ ॥੧੩॥

ਅਮਰਦਾਸ ਗੁਰ ਟਹਿਲ ਮੈ ਦਿਵਸ ਰਾਤਿ ਬੀਤਾਇ ।
ਤਾਂਤੇ ਗੁਰਿਆਈ ਲਈ ਧੰਨ ਤਾਤ ਤਿਸ ਮਾਇ ॥੧੪॥

ਗੁਰ ਅੰਗਦ ਗੁਰ ਅਮਰ ਮੈਂ ਭੇਦ ਨ ਦੂਸਰ ਕੋਇ ।
ਬਾਸਨ ਅਵਰੁ ਪਛਾਨੀਏ ਵਸਤੁ ਏਕ ਹੀ ਹੋਇ ॥੧੫॥

ਸ੍ਵੈਯਾ–
ਵਸਤੁ ਵਹੀ ਅਰੁ ਬਾਸਨ ਔਰ ਹੈ ਯਾਹਿ ਮੈਂ ਭੇਦ ਨ ਦੂਸਰ ਕੋਈ ।
ਨਾਨਕ ਰੂਪ ਗਿਨੋ ਸਭ ਹੀ ਤੁਮ ਭੇਦ ਕਹੈ ਨਰ ਪਾਪੀ ਹੈ ਸੋਈ ।
ਲਾਖ ਉਪਾਵ ਕਰੈ ਜਗ ਮੈ ਕੋਊ ਬਾਝ ਗੁਰੂ ਕਲਯਾਨ ਨ ਹੋਈ ॥੧੬॥

ਤਾਰਿ ਸ਼ਿਲਾ ਔ ਉਧਾਰ ਕੀਓ ਬਲਿ ਫੰਧਕ ਕੋ ਪਗ ਲਾਗ ਤਰਾਯਾ ।
ਰਾਖੀ ਹੈ ਲਾਜ ਦਰੋਪਦੀ ਕੀ ਜਿਨ ਹਸਤੀ ਗ੍ਰਾਹ ਤੇ ਆਨਿ ਛੁੜਾਯਾ ।
ਤਾਰੀ ਗਣਿਕਾ ਉਧਾਰ ਅਜਾਮਲ ਲੰਕ ਬਭੀਖਨ ਰਾਜ ਦਿਵਾਯਾ ।
ਤੇ ਪਗ ਸੰਗਤ ਤਾਰਨ ਕੋ ਅਬ ਹੋਇ ਗੁਰੂ ਨਿਜ ਰੂਪ ਦਿਖਾਯਾ ॥੧੭॥

ਜੋ ਗੁਰ ਲੋਭ ਕਰੈ ਮਨ ਮੈ ਤਉ ਬਾਵਨ ਰੂਪ ਪਛਾਨ ਰੇ ਭਾਈ ।
ਕਾਮ ਮੈ ਲੀਨ ਦਿਖਾਵਤ ਜੇ ਗੁਰ ਮੋਹਨ ਮੇ ਕਛੁ ਭੇਦ ਨ ਰਾਈ ।
ਜੌਂ ਗੁਰ ਕ੍ਰੋਧ ਕਰੈ ਮਨ ਮੈਂ ਨਰਸਿੰਘ ਹ੍ਵੈਕੈ ਮਨ ਦੇਤ ਦਿਖਾਈ ।
ਰਾਮ ਹੀ ਜਾਨ ਬਿਯੋਗ ਮੈ ਦੇਖਕੈ ਸਾਂਚ ਕਿ ਕਾਂਤ ਤੁਝੈ ਸਮਝਾਈ ॥੧੮॥

ਜੋ ਗਿਨਤੀ ਕਰਿ ਹੈ ਗੁਰ ਕੀ ਤਊ ਆਵਤ ਜਾਵਤ ਠੌਰ ਨ ਪਾਵੈ ।
ਨਾਹਿ ਕੋਊ ਗੁਰ ਕੇ ਸਮ ਸਾਜਨ ਤੀਨ ਹੂੰ ਲੋਗ ਮੈਂ ਢੂੰਢਨ ਜਾਵੈ ।
ਕਾਲ ਕੇ ਜਾਲ ਮੈਂ ਆਇ ਪਰੈ ਜਬ ਬਾਝ ਗੁਰੂ ਤਬ ਕੌਨ ਛੁਡਾਵੈ ।
ਮਾਰਗ ਹੈ ਨਿਰਭੈ ਗੁਰ ਕਾ ਇਸ ਮਾਰਗ ਜਾਇ ਤਊ ਸੁਖ ਪਾਵੈ ॥੧੯॥

ਭਾਨ ਸਮਾਨ ਕਹੋ ਗੁਰ ਗਯਾਨ ਜੌ ਭਾਨ ਦੁਰੇ ਤਬ ਹੋਤ ਅੰਧੇਰਾ ।
ਜੋ ਗੁਰ ਗਯਾਨ ਨ ਪਾਵਤ ਹੈ ਨਰ ਯਾਹੀ ਤੇ ਹੋਵਤ ਦੂਖ ਘਨੇਰਾ ।
ਹੈ ਦਿਨ ਚਾਰ ਯਹਾਂ ਰਹਿਨਾ ਜਸ ਬ੍ਰਿਛ ਪੈ ਪੰਛਨ ਰੈਨ ਬਸੇਰਾ ।
ਨੈਨ ਕੇ ਦੇਖਤ ਚਾਲਤ ਹੈ ਜਗ ਕਿਉਂ ਨ ਪਤੀਜਤ ਰੇ ਮਨ ਮੇਰਾ ॥੨੦॥

## ਸ੍ਰੀ ਗੁਰੂ ਰਾਮਦਾਸ ਜੀ

ਦੋਹਰਾ–
ਸਤਿਗੁਰ ਸਕਲ ਜਹਾਨ ਕੇ ਸੋਢੀ ਬੰਸ ਕਹਾਇ ।
ਰਾਮਦਾਸ ਗੁਰ ਨਾਮ ਹ੍ਵੈ ਜਨਮ ਪ੍ਰਗਟੇ ਆਇ ॥੨੧॥

ਆਵਤ ਹੀ ਗੁਰ ਚਰਨ ਕੀ ਕੀਨੀ ਹੈ ਜਿਨ ਪੂਜ ।
ਸੀਸ ਨਿਵਾਇਆ ਚਰਨ ਪਰ ਭੇਟ ਰਾਖ ਖਰਬੂਜ ॥੨੨॥

ਮਾਨ ਲਈ ਤਬ ਅਮਰ ਗੁਰ ਭੇਟ ਭਈ ਪਰਵਾਨ ।
ਗੁਰਿਆਈ ਦੀਨੀ ਤਿਸੈ ਜਾਨੈ ਸਗਲ ਜਹਾਨ ॥੨੩॥

ਸ੍ਵੈਯਾ–
ਮਾਨੀ ਹੈ ਭੇਟ ਜਯੋਂ ਬਿਪ ਕੇ ਤੰਦੁਲ ਭੀਲਨਿ ਕੇ ਫਲ ਸਯਾਮ ਕਨ੍ਹਾਈ ।
ਸਾਭ ਹੀ ਵਾਂਗ ਹੀ ਯਾ ਖਰਬੂਜ ਸੋ ਖਾਇਕੈ ਦੀਨੀ ਹੈ ਚਾਇ ਗੁਰਾਈ ।
ਸਾਤ ਹੀ ਵਾਗ ਕੀ ਸਾਤੋਂ ਹੀ ਥਾਪਨਾ ਵਾਹਿਗੁਰੂ ਮੁਖ ਆਖਿ ਸੁਨਾਈ ।
ਵਾਹੂ ਤੇ ਆਗੇ ਗੁਰਾਇ ਜਗਤ ਕੀ ਸੋਢੀ ਹੀ ਕੇ ਘਰ ਮਾਂਹਿ ਰਹਾਈ ॥੨੪॥

ਸੋਢੀ ਕੋ ਬੰਸ ਸੁ ਬੰਸ ਬਡੋ ਇਸ ਬੰਸ ਸਮਾਨ ਨਹੀ ਕੋਊ ਹੂਆ ।
ਹੈ ਰਘੁਬੰਸ ਕੀ ਬੰਸ ਇਹੈ ਜਿਸ ਰਾਮ ਕੇ ਹਾਥ ਤੇ ਰਾਵਨ ਮੂਆ ।
ਸੋ ਕੁਲ ਮੇਂ ਰਾਮਦਾਸ ਭਏ ਉਸ ਰਾਮ ਔ ਯਾਹੀ ਮੇਂ ਭੇਦ ਨ ਦੂਆ ।
ਹੇ ਮਨ ਮੂੜ ਤਿਸੈ ਨ ਪਛਾਨਤ ਤਾਰੀ ਗਨਿਕਾ ਪਢਾਵਤ ਸੂਆ ॥੨੫॥

ਸੁਰ ਕੇ ਪੁਰਿ ਤੇ ਸਿਵ ਕੇ ਪੁਰਿ ਤੇ ਅਰ ਰਾਵਨ ਕੇ ਪੁਰਿ ਤੇ ਅਧਿਕਾਈ ।
ਗੋਕਲੇ ਅਰੁ ਔਧ੍ਰਹ ਤੇ ਮਥੁਰਾ ਹੂੰ ਕੇ ਬਾਸ ਤੇ ਜਾਨ ਸਵਾਈ ।
ਆਪ ਰਚਾਈ ਹੈ ਦੁਆਰਕਾ ਸਯਾਮ ਜੀ ਤਾਕੇ ਸਮਾਨ ਨ ਦੇਖਨ ਪਾਈ ।
ਯਾਕੇ ਨ ਤੁਲ ਪੁਰੀ ਕੋਊ ਦੂਸਰਿ ਜੋਊ ਗੁਰੂ ਰਾਮਦਾਸ ਬਨਾਈ ॥੨੬॥

ਨਾਹਿ ਬਜਾਰਨ ਕੋ ਕੋਊ ਅੰਤ ਔ ਕੂਪਨ ਕਾ ਕਛੁ ਨਾਹਿ ਸੁਮਾਰਾ ।
ਤਾਂਹਿ ਅਨੇਕ ਬਸੈਂ ਧਨਵਾਨ ਸਰਾਫ ਕਹਾਵਤ ਔ ਬਨਜਾਰਾ ।
ਪੁੰਨ ਔ ਦਾਨ ਕਰੈਂ ਬਨੀਏ ਨਿਤ ਜਾਹੂੰ ਕੇ ਲੇਖ ਲਿਖਾ ਕਰਤਾਰਾ ।
ਕੋਊ ਨਹੀ ਦੁਖ ਪਾਵਤ ਤਾਹੂੰ ਮੇਂ ਨੀਤ ਬਸੈ ਸੁਖ ਸੋਂ ਪੁਰ ਸਾਰਾ ॥੨੭॥

ਦੰਡ ਨ ਕਾਹੂੰ ਕੋ ਕਾਲ ਬਿਨਾ ਤਾਂਹਿ ਚੋਰ ਨਹੀ ਬਿਨ ਨੈਨ ਤੀਆ ਕੇ ।
ਨੈਨ ਸਮਾਨ ਨ ਤਸਕਰ ਹੈਂ ਤਹਿੰ ਚੋਰਤ ਜੋ ਨਿਤ ਚਿਤ ਪੀਆ ਕੇ ।
ਨਾਹਿ ਪਸੂ ਬਿਨ ਦਾਰਿਦ ਕਾਹੂ ਕੇ ਡੋਲ ਹੈਂ ਧਾਮ ਧੁਜਾ ਔ ਪਤਾਕੇ ।
ਹੇਮ ਕੀ ਹੋਇਗੀ ਤਾਂਹਿ ਤੁਲਾ ਅਰੁ ਚਾਂਦੀ ਕੇ ਹੋਹਿੰਗੇ ਤੋਲ ਤਹਾਂ ਕੇ ॥੨੮॥

ਕੰਪਤ ਬਿਜੁਲ ਤੇ ਕਦਲੀ ਤਹਿੰ ਔਰ ਨ ਕੋਊ ਡਰੈ ਮਨ ਮਾਹੀ ।
ਵਾਹਿਗੁਰੂ ਰਾਮਦਾਸ ਬਿਨਾ ਤਹਿੰ ਰੈਨ ਦਿਨਾ ਡਰ ਭੂਪ ਕਾ ਨਾਂਹੀ ।
ਰਾਜ ਕਰੈ ਜਹਿੰ ਆਪ ਗੁਰੂ ਤਹਿੰ ਕਿਉਂ ਨ ਅਨੰਦ ਸੋਂ ਲੋਕ ਬਸਾਂਹੀਂ ।
ਆਪ ਗੁਰੂ ਤ੍ਰੈ ਲੋਕ ਕਾ ਨਾਯਕ ਜਾਂਕੇ ਦਿਯੇ ਸਭ ਭੋਜਨ ਖਾਂਹੀ ॥੨੯॥

## ਸ੍ਰੀ ਗੁਰੂ ਅਰਜਨ ਦੇਵ ਜੀ

ਦੋਹਰਾ–
ਤਾਂਕੇ ਗ੍ਰਿਹ ਪਰਗਟ ਭਏ ਗੁਰ ਅਰਜੁਨ ਅਵਤਾਰ ।
ਤੀਨ ਲੋਕ ਤਾਰਨ ਨਮਿਤ ਆਇਓ ਆਪ ਮੁਰਾਰ ॥੩੦॥

ਅਤਿ ਅਗਾਹ ਬਾਣੀ ਰਚੀ ਮਾਨਹੁ ਕਿਯਾ ਜਹਾਜ ।
ਯਾ ਭਵਜਲ ਸੰਸਾਰ ਤੇ ਜਗਤ ਉਧਾਰਨ ਕਾਜ ॥੩੧॥

ਬਾਣੀ ਸਭ ਇਕਠੀ ਕਰੀ ਕੀਨਾ ਸ਼ੁਭ ਸ੍ਰੀ ਗ੍ਰੰਥ ।
ਜਾਂਕੋ ਪਢਿ ਜਮ ਫਾਸ ਤੇ ਮੁਕਤਿ ਹੋਇ ਸਭ ਪੰਥ ॥੩੨॥

ਅਵਰ ਕੀਆ ਉਪਕਾਰ ਗੁਰ ਤੀਰਥ ਏਕ ਬਨਾਇ ।
ਬਿਨੁ ਬੂਝੇ ਜੋ ਨ੍ਹਾਇ ਹੈ ਸੋ ਬੈਕੁੰਠ ਸਿਧਾਇ ॥੩੩॥

ਸ੍ਵੈਯਾ–

ਖਾਰੀ ਮੇਂ ਬੈਠ ਤਿਯਾ ਨਿਜ ਸੀਸ ਪੈ ਪਿੰਗਲ ਏਕ ਤਹਾਂ ਚਲਿਆਯਾ ।
ਨ੍ਹਾਵਤ ਕਾਗ ਭਯਾ ਤਹਿੰ ਸ੍ਵੇਤ ਸੁ ਦੇਖਿਕੈ ਪਿੰਗੁਲ ਤਾਂਹਿ ਲੁਭਾਯਾ ।
ਮੈਂ ਇਸਨਾਨ ਕਰੌਂ ਇਸ ਨੀਰ ਮੇਂ ਯੌਂ ਅਪਨੇ ਮਨ ਮੇਂ  ਠਹਿਰਾਯਾ ।
ਬੂਡਨ ਕਾਜ ਪਰਾ ਜਲ ਮੇਂ ਤਿਨ ਨ੍ਹਾਇਕੈ ਕੰਚਨ ਸੋ ਤਨ ਪਾਯਾ ॥੩੪॥

ਅੜਿਲ–

ਨਾਰੀ ਰਹੀ ਲੁਭਾਇ ਦੇਖ ਨਿਜ ਕੰਤ ਕੋ ।
ਮੈਂ ਭੀ ਕਰਿ ਇਸਨਾਨ ਮਿਲੋਂਗੀ ਸੰਤ ਕੋ ।
ਯਹ ਮਨ ਮੇਂ ਠਹਿਰਾਇ ਪਰੀ ਤਬ ਨੀਰ ਮੇਂ ।
ਹੋ ਨ੍ਹਾਵਤ ਹੀ ਤਿਨ ਭਯਾ ਅਨੰਦ ਸਰੀਰ ਮੇਂ ॥੩੫॥

ਸ੍ਵੈਯਾ–

ਤਾਰ ਤਰੰਨ ਕੀ ਤਾਂ ਦਿਨ ਮੈ ਗੁਰ ਅਰਜੁਨ ਦੇਵ ਜੀ ਪਉੜੀ ਬਨਾਈ ।
ਜਾਇਕੈ ਪਿੰਗੁਲ ਨਾਰੀ ਸਮੇਤ ਨਿਵਾਇਕੈ ਸੀਸ ਯਹ ਬਾਤ ਸੁਨਾਈ ।
ਤਯਾਗਕੈ ਨੀਂਵ ਕਲਾ ਗੁਰ ਅਰਜਨ ਯਾਂ ਕੇ ਬਨਾਵਨ ਕੀ ਮਨ ਆਈ ।
ਖੋਜ ਰਹੇ ਜਿਸ ਕੋ ਚਿਰ ਲੌਂ ਤਿਸੁ ਤੀਰਥ ਕੀ ਅਬ ਹੈ ਸੁਧ ਪਾਈ ॥੩੬॥

ਵਾਹਿਗੁਰੂ ਕਰਿਕੇ ਇਸ਼ਨਾਨ ਤਹਾਂ ਇਹੁ ਤਾਲ ਅਨੂਪ ਬਨਾਯਾ ।
ਜਾਂਕੇ ਸਮਾਨ ਨ ਦੂਸਰ ਹੈ ਕੋਊ ਤੀਨ ਹੀ ਲੋਕ ਮੇਂ ਆਖ ਸੁਨਾਯਾ ।
ਤਾਲ ਅਜਾਯਬ ਸੁੰਦਰ ਦੇਖਿਕੈ ਦੇਵ ਔ ਦੈਂਤਨ ਕੇ ਮਨ ਭਾਯਾ ।
ਆਪ ਤਰੈ ਸਗਲੀ ਕੁਲ ਤਾਰਹੈ ਏਕ ਹੀ ਬਾਰਿ ਜੁ ਯਾਹੀ ਮੇ ਨ੍ਹਾਯਾ ॥੩੭॥

ਦੋਹਰਾ–

ਧੰਨ ਧੰਨ ਅਰਜੁਨ ਗੁਰੂ ਉਤਮ ਪਦਵੀ ਲੀਨ ।
ਐਸਾ ਤੀਰਥ ਕ੍ਰਿਪਾ ਕਰ ਜਗ ਮਹਿੰ ਪਰਗਟ ਕੀਨ ॥੩੮॥

ਸ੍ਵੈਯਾ–

ਪੀਯ ਕੇ ਮੇਲ ਮੇਂ ਕਾਮਨੀ ਕੇਲ ਮੇਂ ਕੰਚਨ ਮੰਦਰ ਮਾਂਹਿ ਬਸਾਏ ।
ਅੰਬਰ ਔਰ ਪਟੰਬਰ ਮੇਂ ਨਹੀਂ ਹੀਰੇ ਔ ਮਾਨਕ ਅੰਗ ਲਗਾਏ ।
ਛੈ ਰਸ ਬਿੰਜਨ ਮਾਂਹਿ ਨਹੀਂ ਸੁਖ ਔਰ ਰਵੇਲ ਗੁਲਾਬ ਹੰਢਾਏ ।
ਐਸੋ ਨ ਸੂਖ ਹੈ ਦੂਸਰ ਠੌਰ ਮੈਂ ਜੋ ਗੁਰ ਅਰਜੁਨ ਨਾਮ ਧਿਆਏ ॥੩੯॥

ਸਾਜ ਕੈ ਹੇਮ ਬਿਵਾਨ ਬਡੋ ਤਿਹ ਮਾਹਿ ਅਮੋਲਕ ਮੋਤੀ ਜੜਾਏ ।
ਹੋਇ ਸਵਾਰ ਫਿਰੈ ਤਿਸ ਊਪਰ ਦੇਸਨ ਦੇਸ ਕਾ ਭੂਪ ਕਹਾਏ ।
ਬਾਪੀ ਕੈ ਕੂਪ ਤੜਾਗ ਬਨਾਵਤ ਰੰਗ ਬਰੰਗ ਕੇ ਬਾਗ ਲਵਾਏ ।
ਐਸੋ ਨ ਸੁਖ ਹੈ ਦੂਸਰ ਠੌਰ ਮੈ ਜੋ ਗੁਰ ਅਰਜੁਨ ਨਾਮ ਧਿਆਏ ॥੪੦॥

ਹਾਥੀ ਅੰਬਾਰੀ ਮੈਂ ਬੈਠਿ ਫਿਰੈ ਅਰੁ ਹੋਇ ਸਵਾਰ ਤੁਰੰਗ ਨਚਾਏ ।
ਤਾਲ ਮ੍ਰਿਦੰਗ ਰਬਾਬ ਪਖਾਵਜ ਡੂੰਮ ਕਲਾਵਤ ਆਇ ਸੁਨਾਏ ।
ਮੋਹਨੀ ਰੰਭ ਸਮਾਨ ਬਨਾਯਕੈ ਰੂਪ ਸਿੰਗਾਰ ਔ ਨ੍ਰਿਤਯ ਦਿਖਾਏ ।
ਐਸੋ ਨ ਸੁਖ ਹੈ ਦੂਸਰ ਠੌਰ ਮੇਂ ਜੋ ਗੁਰ ਅਰਜੁਨ ਨਾਮ ਧਿਆਏ ॥੪੧॥

ਧੰਨ ਕਹੋ ਗੁਰ ਅਰਜੁਨ ਕੋ ਜਿਨ ਨਾਮ ਕੋ ਖੋਲਿ ਦਿਖਾਯਾ ਖਜਾਨਾ ।
ਰਾਗ ਹੀ ਰਾਗ ਮੋਂ ਸ਼ਬਦ ਬਨਾਯਕੈ ਗ੍ਰੰਥ ਕੀਆ ਹੈ ਸੁਮੇਰੁ ਸਮਾਨਾ ।
ਦੇਖ ਸੁਮੇਰ ਤੇ ਹੇਮ ਨ ਲੇਵਤ ਧਾਵਤ ਪਾਥਰ ਕੋ ਅਗਿਆਨਾ ।
ਰੇ ਮਨ ਮੂੜ ਨ ਸੂਝਤ ਤੋਹਿ ਕੋ ਖਾਇਕੈ ਭੰਗ ਭਯਾ ਹੈ ਦਿਵਾਨਾ ॥੪੨॥

ਜੋ ਹਰਿ ਨਾਮ ਦ੍ਰਿੜਾਵਤ ਹੈ ਗੁਰ ਸੋਈ ਹੈ ਜਾਨ ਤੂੰ ਬਾਤ ਚੰਗੇਰੀ ।
ਓਟ ਤਹਾਂ ਹਰਿ ਨਾਮ ਕੀ ਹੋਇਗੀ ਝੂਲੈ ਜੋ ਆਇਕੈ ਕਾਲ ਅੰਧੇਰੀ ।
ਆਵਨ ਬਾਰ ਨ ਬਾਰ ਹੀ ਹੋਇਗੋ ਏਕ ਹੀ ਬਾਰਿ ਹੈ ਜੋਗੀ ਕੀ ਫੇਰੀ ।
ਕਿਉਂ ਅਗਯਾਨ ਕਾ ਪੀਵਤ ਹੈ ਮਦ ਜਾਵੈਗੀ ਨਾਹਿ ਖੀਵਤਣ ਤੇਰੀ ॥੪੩॥

ਸ਼ਬਦ ਗੁਰੂ ਕੋ ਹੈ ਢਾਲ ਤਹਾਂ ਜਹਾਂ ਕਾਲ ਕਾ ਬਾਨ ਅਚਾਨਕ ਆਵੈ ।
ਕਿਉਂ ਮਨ ਮੂਰਖ ਢਾਲ ਤਿਆਗਤ ਕਾਲ ਕੇ ਬਾਨ ਤੇ ਕੌਨ ਬਚਾਵੈ ।
ਬਾਰ ਹੀ ਬਾਰ ਪੁਕਾਰਤ ਹੈ ਤੁਹਿ ਕੰਚਨ ਦੇਹਿ ਅਕਾਰਥ ਜਾਵੈ ।
ਆਵਤ ਜਾਵਤ ਹੋਤ ਸੁਖੀ ਨਰ ਜੋ ਗੁਰ ਅਰਜੁਨ ਨਾਮ ਧਿਆਵੈ ॥੪੪॥

## ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

ਦੋਹਰਾ–
ਤਿਸ ਗੁਰ ਕੇ ਪਰਗਟ ਭਯਾ ਹਰਿਗੋਬਿੰਦ ਗੁਰ ਆਇ ।
ਜਗਤ ਉਧਾਰਨ ਕਾਰਨੇ ਜਨਮ ਧਰਾ ਜਗ ਆਇ ॥੪੫॥

ਮਾਨਹੁ ਜਗ ਮੇਂ ਗੁਰ ਕੀਆ ਖੜਗ ਸੋਂ ਹੇਤੁ ਪਿਆਰ ।
ਤੁਰਕਨ ਸੇਤੀ ਜੁਧ ਕੀ ਰਾਖੀ ਮਨਸ਼ਾ ਧਾਰ ॥੪੬॥

ਦੇਗ਼ ਤੇਗ਼ ਦੋਨੋ ਗਹੀ ਰਾਜ ਜੋਗ ਦੁਇ ਕੀਨ ।
ਜੋਗ ਭੋਗ ਦੋਨੌਂ ਕੀਏ ਉਤਮ ਪਦਵੀ ਲੀਨ ॥੪੭॥

ਸ੍ਵੈਯਾ–

ਦਿਲੀ ਮੇਂ ਸ਼ਾਹਜਹਾਨ ਬਸੈ ਸਭ ਹਿੰਦ ਕੇ ਰਾਜ ਕਾ ਭੂਪ ਕਹਾਵੈ ।
ਬੀਸ ਔ ਏਕ ਸਹਸ੍ਰ ਕੋਸ ਮੇ ਔਰ ਨ ਭੂਪਤ ਰਾਜ ਕਮਾਵੈ ।
ਸੂਬੇ ਹੈਂ ਬੀਸ ਲਹੌਰ ਸਮੇਤ ਸੁ ਏਕ ਤੇ ਏਕ ਅਨੂਪ ਦਿਖਾਵੈ ।
ਸਾਰਸੁਤੀ ਕਿਰਪਾ ਕਰ ਹੈ ਕਵਿ ਕੰਕਨ ਤੁਝੈ ਸਭ ਨਾਮ ਸੁਨਾਵੈ ॥੪੮॥

ਪਛਮ ਓਰ ਬਸੈਂ ਪੁਰ ਪਾਂਚਸੁ ਏਕ ਲਹੌਰ ਔ ਕਾਬਲ ਬੀਯਾ ।
ਤੀਸਰ ਨਾਮ ਸੁਨੋ ਕਸ਼ਮੀਰ ਕਹੌਂ ਮੁਲਤਾਨ ਜੁ ਚੌਥਾ ਹੈ ਕੀਯਾ ।
ਹਟੇਕੋ ਪੰਚਮ ਸੂਬਾ ਕਹੈਂ ਜਗ ਸੋਊ ਸੁਨਾਯ ਤੁਝੈ ਕਹਿ ਦੀਯਾ ।
ਏਤੇ ਮੇ ਰਾਜ ਕਰੈ ਨਰ ਏਕ ਹੀ ਧੰਨ ਕਹੋ ਤਿਨਕਾ ਜਗ ਜੀਯਾ ॥੪੯॥

ਸੂਬੇ ਹੈਂ ਚਾਰ ਸੁਨੋ ਤੁਮ ਪੂਰਬ ਔਧ ਕਾ ਨਾਮ ਸਭੈ ਜਗੁ ਜਾਨੈ ।
ਪਟਨਾ ਔਰ ਬਿਹਾਰ ਬੰਗਾਲ ਸੁਨੋ ਤੁਮ ਚਾਰੋਂ ਹੀ ਏ ਕਵਿ ਆਖ ਬਖਾਨੈ ।
ਹਿੰਦ ਮੈ ਖਸ਼ਟ ਸੁਨੋ ਪੁਰ ਔਰ ਹੈਂ ਸੋਇ ਪ੍ਰਬੀਨ ਸੁਈ ਨਰ ਮਾਨੈ ।
ਮਾਲਵ ਔ ਅਜਮੇਦ ਸੁਨੋ ਤੁਮ ਦਿਲੀ ਹੈ ਤਖਤ ਸੁ ਕਉਨ ਨ ਜਾਨੈ ॥੫੦॥

ਏਕ ਬਡੀ ਗੁਜਰਾਤ ਕਹਾਵਤ ਦੂਜੇ ਕੋ ਅਲਵਰ ਜਾਨ ਰੇ ਭਾਈ ।
ਆਗਰਾ ਖਸ਼ਟਮ ਸੂਬਾ ਜੋ ਹਿੰਦ ਮੇ ਆਛੀ ਹੈ ਠੌਰ ਸੁ ਆਖ ਸੁਨਾਈ ।
ਦਖਨ ਨਾਮ ਬਖਾਨਤ ਹੋਂ ਅਬ ਜੇਤੀ ਹੈ ਮੋ ਘਟ ਮਤਿ ਉਪਾਈ ।
ਹੈ ਬੁਰਹਾਨ ਕੀ ਠੌਰ ਅਨੂਪਮ ਜਾਨਤ ਹੈ ਸਭ ਦੇਸ ਲੁਕਾਈ ॥੫੧॥

ਦੋਹਰਾ–

ਔਰ ਜੁ ਸੂਬੇ ਪਾਂਚ ਹੈਂ ਇਕ ਔਰੰਗਾਬਾਦ ।
ਬੀਜਾਪੁਰ ਵਰਿਯਾਹੁ ਹੈ ਭਾਗ ਨਗਰ ਤੇ ਆਦਿ ॥੫੨॥

ਬੈਰਾਰਾ ਭੀ ਜਾਨੀਅਹੁ ਸੋ ਪੰਚਮ ਅਸਥਾਨ ।
ਏਤੇ ਸੂਬੇ ਹਿੰਦ ਕੇ ਰਾਖਤ ਸ਼ਾਹ ਜਹਾਨ ॥੫੩॥

ਬਾਵਨੀਆਂ ਪੰਜਾਹ ਦੁਇ ਸਭੈ ਸਿਰੰਦ ਸਮਾਨ ।
ਨਾਮ ਸੁਨਾਊਂ ਸਭਨ ਕੇ ਹੋਵੈ ਬਡਾ ਪੁਰਾਨ ॥੫੪॥

ਸੂਬੇ ਸੂਬੇ ਮਾਂਹਿ ਜੋ ਬਸਹਿੰ ਜਿ ਸੂਬੇਦਾਰ ।
ਤਿਨਕੇ ਸੰਗ ਜੋ ਚਮੂ ਹੈ ਹੋਵਤ ਨਾਹਿ ਸੁਮਾਰ ॥੫੫॥

ਦੋਹਰਾ–
ਮੀਰ ਸ਼ਿਕਾਰ ਜੋ ਸ਼ਾਹ ਕੇ ਤਿਨ ਸੋਂ ਉਡਿਆ ਬਾਜ ।
ਗਹਿ ਲੀਆ ਨਿਜ ਕਰ ਗੁਰੂ ਬਡੇ ਗ਼ਰੀਬ ਨਿਵਾਜ ॥੫੬॥

ਹਰਿਗੋਬਿੰਦ ਗੁਰੂਅਨ ਗੁਰੂ ਕਹਾ ਬਾਜ ਇਹੁ ਸ੍ਵੈਤ ।
ਹਮ ਕ ਨਾਰਾਇਣ ਦੀਆ ਰਾਖੋਂ ਕਰਿਕੈ ਹੇਤ ॥੫੭॥

ਸ੍ਵੈਯਾ–
ਦੀਨ ਕੇ ਸ਼ਾਹ ਦੁਨੀ ਪਤਿ ਕਾ ਅਬ ਯਾਹੀ ਤੇ ਬੈਰੁ ਭਯਾ ਮਨ ਮਾਂਹੀ ।
ਕੌਨੁ ਹੈ ਬਾਜੁ ਨ ਦੇਵਤ ਮੋਹ ਕੋ ਜਾਇ ਗਹੋਂ ਤਿਸੁ ਸੰਝ ਸੁਬਾਹੀ ।
ਜੈਸੇ ਪਠਾਇ ਦੀਏ ਖਰਦੂਖਨ ਮਾਨਹੁ ਰਾਮ ਉਠਾਇਕੈ ਬਾਹੀ ।
ਤੈਸੇ ਹੀ ਦੀਨੀ ਪਠਾਇ ਚੰਮੂ ਵਹੁ ਮੂਰਖ ਸ਼ਾਹ ਪਛਾਨਤ ਨਾਂਹੀ ॥੫੮॥

ਅੜਿਲ–
ਘੜਾ ਫਤੈ ਕੁਮੈਤ ਗੁਰੂ ਮੰਗਵਾਇਆ ।
ਤਿਸ ਪਰ ਭਏ ਸਵਾਰ ਬਚਨ ਫੁਰਮਾਇਆ ।
ਮਾਰਹੁ ਮੁਗਲਨ ਚਮੂ ਨ ਛਾਡੋ ਏਕ ਨਰ ।
ਹੋ ਬਿਨ ਦਿਖਲਾਏ ਹਾਥ ਨ ਜਾਏ ਮੂਲ ਟਰ ॥੫੯॥

ਸੂਰਨ ਅਸਿ ਚਮਕਾਇ ਬਲਹਿ ਸੰਭਾਰ ਕਰ ।
ਸਤ੍ਰੂਨ ਸਨਮੁਖ ਮਾਰਹਿੰ ਜਾਇ ਪੁਕਾਰ ਕਰ।
ਜਿਸੁ ਤਨ ਲਾਗੈ ਏਕ ਕਰੈ ਦੋਖੰਡ ਹੀ ।
ਹੋ ਮਾਨੋ ਲਾਗਹਿ ਆਇ ਤਿਸੈ ਜਮਡੰਡ ਹੀ ॥੬੦॥

ਸ੍ਵੈਯਾ–

ਆਪ ਸਵਾਰ ਭਏ ਹਰਿਗੋਬਿੰਦ ਅਸ੍ਵਹਿ ਕੌ ਰਣ ਮਾਹਿ ਨਚਾਯਾ ।
ਦੇਖਕੇ ਸਤ੍ਰ ਕੀ ਫੌਜ ਅਪਾਰ ਸ੍ਰੀ ਮੁਖ ਰਾਮ ਕਾ ਨਾਮ ਧਿਆਯਾ ।
ਸੋਹਤ ਹਾਥ ਕਮਾਨ ਅਮੋਲਕ ਕਾਢਿ ਨਿਖੰਗ ਤੇ ਤੀਰ ਚਲਾਯਾ ।
ਜਾਂ ਤਨ ਲਾਗਤ ਜਾਯਕੈ ਬਾਨ ਤਿਸੈ ਨਰ ਨੀਰੁ ਨ ਮਾਂਗਨ ਪਾਯਾ ॥੬੧॥

ਦੋਹਰਾ–

ਆਈ ਚਮੂ ਇਕਤ੍ਰ ਹੁਇ ਮਿਲ ਕਰ ਮੁਗਲ ਪਠਾਨ ।
ਕੇਤੇ ਬੇਗ ਕਹਾਵਈਂ ਕਈ ਕਹਾਵਹਿਂ ਖਾਨ ॥੬੨॥

ਗੁਰ ਕੇ ਸਨਮੁਖ ਜੋ ਲੜਹਿ ਧੰਨ ਜਨਮ ਤਿਨ ਪਾਇ ।
ਮੁਏ ਜੁ ਤਾਂਕੇ ਹਾਥ ਤੇ ਗਏ ਸੁਰਗ ਮੋ ਧਾਇ ॥੬੩॥

ਵਾਸੀ ਸ਼ਹਿਰ ਈਰਾਨ ਕਾ ਉਜ਼ਬਕ ਏਕ ਪਠਾਨ ।
ਵਾਹਿ ਗੁਰੂ ਸੋਂ ਯੌਂ ਕਹਯੋ ਤੁਝੈ ਨ ਦਊਂ ਜਾਨ ॥੬੪॥

ਰੁਬਾਈ–

ਬਬੀਂ ਐ ਪੀਰੇ ਹਿੰਦੂ ਜੰਗ ਮਰਾ ।
ਬ–ਮਾ ਸਰਦਾਰੇ ਖ਼ੁਦ ਮਰਦਾਨਾ ।
ਬ–ਮਾਯਾਂ ਜੰਗ ਕਰਦਨ ਕੈ ਤਵਾਨੀ ।
ਹਜ਼ਰ ਬੁਰਾਨੋ ਪਲੰਗਰਾ ਨ–ਦਾਨੀ ।

ਅਰਥ–

ਦੇਖ ਹਿੰਦੂ ਪੀਰ ਆਕੇ ਜੰਗ ਮੇਰਾ ।
ਸਰਦਾਰ ਹਾਂ ਮੈਂ ਸਭਕੀ ਦਾ ਕਰਨ ਵਾਲਾ ।
ਸਾਥ ਮੇਰੇ ਆਉ ਜੰਗ ਕਰ ਜੇ ਕਰ ਸਕੈ ।
ਧਰਮ ਉਪਰ ਆਉ ਚਿਤ੍ਰੇ ਕੀ ਨਿਆਈਂ ॥੬੫॥

ਰੁਬਾਈ–

ਮਰਾ ਈਂ ਕਾਰ ਮੁਸ਼ਕਲ ਮੇ ਨੁਮਾਯਦ ।
ਸੁਮਾ ਰਾ ਬਾ ਫਕੀਰਾਂ ਜੰਗ ਬਾਯਦ ।
ਅਗਰ ਬਿਹਬੂਦ ਬਾਜ ਦਿਹ ਬਾਜ ।
ਕਿ ਅਜ਼ ਸ਼ਾਹ ਮੁਦਅ ਆਂ ਬਾਜ਼ ਪਰ ਬਾਜ ।

ਅਰਥ–

ਮੇਰੇ ਤਾਈਂ ਇਹ ਕੰਮ ਨਜਰ ਨਹੀਂ ਆਂਵਦਾ ਜੋ ਲੜੇਂਗਾ ।
ਤੁਸੀਂ ਫਕੀਰ ਹੋ ਜੁਧ ਨਹੀਂ ਚਾਹੀਦਾ ।
ਅਗਰ ਭਲੀ ਹੈ ਤਾਂ ਬਾਜ ਦੇ ਦੇਹ ।
ਜੇਕਰ ਸ਼ਾਹ ਮੇਰਾ ਸੁਣੇਗਾ ਤਾਂ ਕਈ ਬਾਜ ਲਵੇਗਾ ॥੬੬॥

ਰੁਬਾਈ–

ਹਨੌਂਜ਼ ਤੇ ਬਾ ਫਕੀਰਾਂ ਕਾਰ ਮਾਂਦਹ ।
ਖ਼ੁਰਦਹ ਮਾ ਤਬਰ ਬਰ–ਨਸ਼ਾਂਦਹ ।
ਨ ਈਂ ਕਾਰੇ ਤਿਫਲਾਂ ਜੰਗ ਬਾਜ਼ੀ ।
ਦਰੀਂ ਜਾ ਹਜ਼ਾਰਾਂ ਅਸਪ ਤਾਜ਼ੀ ।

ਅਰਥ–

ਮਾਰਨ ਦਾ ਕੰਮ ਨਹੀਂ ਫਕੀਰਾਂ ਨੋ ।
ਖਾਇਕੇ ਮੇਰਾ ਤਬਰ ਬੈਠਾ ਨਹੀਂ ਰਹੇਂਗਾ ।
ਜੰਗ ਮੁੰਡਿਆਂ ਦਾ ਕੰਮ ਨਹੀਂ ।
ਲਾਖ ਘੋੜਾ ਐਥੇ ਦੇਖ ॥੬੭॥

ਰਬਾਈ–

ਚੁ ਬਾਰਾਂ ਤੀਰ ਮੇ ਬਾਰੰਦ ਦਰ ਜੰਗ ।
ਹਜ਼ਰ ਕੁਨ ਤਾ ਨ–ਉਫ਼ਤੀ ਦਰ ਕੈਦੇ ਫਰਹੰਗ ।
ਬ–ਗੁਫ਼ਤਹ ਈਂ ਦਵਾਦਹ ਅਸਪ ਮੈਦਾਂ ।
ਬ–ਦਸਤ ਨੇਜ਼ਹ ਰੰਗੀਂ ਦਾਦ ਜੌਲਾਂ ।

ਅਰਥ–

ਤੀਰੋਂ ਦੀ ਬਰਖਾ ਹੋਵੇਗੀ ਜੰਗ ਅੰਦਰ ।
ਬਾਜ ਹਾਜਰ ਕਰ ਹੇਰ ਫੇਰ ਨਾ ਕਰ ।
ਐਸੇ ਕਹਿਕੇ ਘੋੜਾ ਦੁੜਾਇਆ ।
ਬੀਚ ਹਾ ਕੇ ਨੇਜਾ ਲੈਕੇ ਜੁਦਾ ਹੂਆ ਜੰਗ ਕੋ ॥੬੮॥

ਪਉੜੀ–

ਕਕੇ ਬੂਰੇ ਦਿਸਣ ਮੁਗਲ ਡਰਾਵਣੇ ।
ਦੰਦੀ ਵਢਾ ਵਢ ਦੁੰਬੇ ਜਿਨ੍ਹ ਖਾਵਣੇ ।
ਰਣ ਵਿਚ ਉਚੇ ਜਾਪਣ ਬੁਰਜ ਸੁਹਾਵਣੇ ।
ਵਾਹਿਗੁਰੂ ਦੀ ਹਥੀਂ ਮਿਲੇ ਗਿੜਾਵਣੇ ।
ਧਰਮਰਾਇ ਫੜ ਆਂਦੇ ਸਭ ਕੁਹਾਵਣੇ ॥੬੯॥

ਭਾਈਆਂ ਨੂੰ ਮੁੜ ਭਾਈ ਨਹੀਂ ਮਿਲਾਵਣੇ ।
ਲੜਿ ਲੜਿ ਭੇੜ ਵਿਖਇ ਖਸਮ ਰੀਝਾਵਣੇ ।
ਆਏ ਰਲ ਮਿਲ ਸਭੇ ਭੜਥੂ ਪਾਵਣੇ ।
ਢੋਲਾਂ ਵਾਲੇ ਲਗੇ ਢੋਲ ਵਜਾਵਣੇ ।
ਜਿਸ ਦਿਨ ਮਰਸਨ ਓਹੁ ਡੂੰਮਾ ਜਸੁ ਗਾਵਣੇ ॥੭੦॥

ਝੂਲਣੇ–

ਤੁਸੀਂ ਮੁਗਲ ਪਠਾਣ ਕਹਾਇਕੇ ਜੀ ਭੋਰ ਖੌਫ ਨਾ ਕਿਸੇ ਦਾ ਰਖਦੇ ਹੋ ।
ਡਾਢੇ ਰਬ ਨੂੰ ਮੂਲ ਨਾ ਯਾਦ ਕਰਦੇ ਐਵੇਂ ਮਰਗ ਪਿਆਲੜਾ ਚਖਦੇ ਹੋ ।
ਰਬ ਚਾਇ ਫਕੀਰਾਂ ਨੂੰ ਸ਼ਾਹੁ ਕਰੇ ਮੀਆਂ ਭੇਤੁ ਨਾ ਰਬ ਦਾ ਲਖਦੇ ਹੋ ।
ਕਰੇ ਢਾਹਕੇ ਸਾਫ ਉਹ ਪਰਬਤਾਂ ਨੂੰ ਤੁਸੀਂ ਕਉਣ ਕਮੀਨੜੇ ਕਖ ਦੇ ਹੋ ॥ ੭੧॥

ਕਹਿਆ ਗੁਰੂ ਸੁਣਾਇਕੈ ਸਭਨਾਂ ਨੂੰ ਅਸੀਂ ਜੰਗ ਥੋਂ ਮੂਲ ਨ ਸੰਗਦੇ ਹਾਂ ।
ਤੁਸੀਂ ਬਾਜ ਹੀ ਬਾਜ ਪੁਕਾਰਦੇ ਹੋ ਅਸੀਂ ਤਾਜ ਤੁਹਾਡਾ ਭੀ ਮੰਗਦੇ ਹਾਂ ।
ਕਈ ਬੈਰੀਆਂ ਦੀ ਸਾਨੂੰ ਕਾਣ ਨਾਹੀਂ ਅਸੀਂ ਬੈਰੀ ਨੂੰ ਮਾਰਕੇ ਟੰਗਦੇ ਹਾਂ ।
ਤੁਸੀਂ ਫੌਜ ਦਾ ਕਰੋ ਗੁਮਾਨ ਯਾਰੋ ਅਸੀਂ ਤਾਣ ਅਕਾਲ ਦਾ ਮੰਗਦੇ ਹਾਂ ॥੭੨॥

ਗੁਰੂ ਰਸਨਾਂ ਥੋਂ ਏਹੁ ਉਚਾਰਕੇ ਜੀ ਘੋੜਾਂ ਪੇਲਿ ਮੈਦਾਨ ਦੇ ਬਿਚ ਆਯਾ ।
ਖੰਡਾ ਧੂਹ ਮਯਾਨ ਥੋਂ ਜੁਦਾ ਕੀਤਾ ਹਥੀਂ ਦੁਹੀਂ ਪਠਾਣ ਦੇ ਸੀਸ ਲਾਯਾ ।
ਜਿਵੇਂ ਰੁਖ ਦਾ ਚੀਰ ਕਰਵਤ ਪਾਵੇ ਤਿਵੇਂ ਜੁਸਾ ਪਠਾਣ ਦਾ ਦਿਸ ਆਯਾ ॥੭੩॥

ਦੋਹਰਾ–

ਦੁਇ ਦਲ ਆਪਸ ਮੇ ਜੁੜੇ ਭਯਾ ਅੰਧੇਰ ਜਹਾਨ ।
ਸੂਰਜ ਨਜਰੀ ਨਾ ਪਵੈ ਗਰਦ ਚੜੀ ਅਸਮਾਨ ॥੭੪॥

ਸ੍ਵੈਯਾ–

ਮਾਰ ਕਰੀ ਤਰਵਾਰਨ ਕੀ ਗੁਰ ਲੋਨ ਊਪਰ ਲੋਥ ਗਿਰਾਈ ।
ਲੋਥ ਕੇ ਉਪਰ ਲੋਥਨ ਧਰੀ ਸੁ ਮਨੋ ਸੁਰਲੋਕ ਲੌ ਸੀਢੀ ਬਨਾਈ ।
ਜੋਊ ਬਚੇ ਤੇਊ ਭਾਗ ਗਏ ਤਿਨ ਆਪਨੇ ਸ਼ਾਹ ਸੌਂ ਜਾਇ ਸੁਨਾਈ ।
ਜੀਤ ਭਈ ਰਨ ਮੇ ਗੁਰ ਕੀ ਫਿਰੀ ਮਧਯ ਅਕਾਸ ਮੇ ਰਾਮਦੁਹਾਈ ॥੭੫॥

ਦੋਹਰਾ–

ਸੁਨ ਕੇ ਸ਼ਾਹ ਜਹਾਨ ਨੇ ਕੀਨਾ ਬਹੁ ਅਫਸੋਸ ।
ਵਹੁ ਤੋ ਪੂਰਾ ਸਤਿਗੁਰੂ ਚਲੈ ਨ ਤਾਂ ਸੋ ਰੋਸ ॥੭੬॥

ਬਹੁਰੋ ਸਾਖੀ ਅਵਰ ਇਕ ਤੋ ਸੌਂ ਕਹੌਂ ਸੁਨਾਇ ।
ਸੁਨਤੇ ਬਕਤੇ ਦੋਊ ਕੋ ਹੋਵੈ ਰਾਮ ਸਹਾਇ ॥੭੭॥

ਕਾਬਲ ਕੀ ਸੰਗਤ ਸਭੈ ਆਈ ਸਤਿਗੁਰ ਪਾਸ ।
ਅਪਨੀ ਅਪਨੀ ਭੇਟ ਧਰ ਸਭਨ ਕਰੀ ਅਰਦਾਸ ॥੭੮॥

ਪੂਛੀ ਤਿਨ ਸੌਂ ਸਤਿਗੁਰੂ ਸ਼ਾਹ ਜਹਾਂ ਕੀ ਬਾਤ ।
ਆਏ ਰਾਹ ਲਾਹੌਰ ਕੋ ਕਹੋ ਮੋਹਿ ਪੈ ਸਾਤ ॥੭੯॥

ਏਕ ਸਿਖ ਤਿਨ ਸੌਂ ਉਠਾ ਬਿਨਤੀ ਕਰਿ ਕਰ ਜੋਰਿ ।
ਮੈਂ ਆਇਆ ਹੂੰ ਦੇਖ ਕੇ ਆਛੀ ਭਾਂਤਿ ਲਹੌਰ ॥੮੦॥

ਸ਼ਾਹ ਜਹਾਂ ਕੇ ਘਰ ਬਿਖੇ ਕਮੀ ਕਛੂ ਕੀ ਨਾਂਹਿ ।
ਜੋੜੀ ਏਕ ਤੁਰੰਗ ਕੀ ਆਛੀ ਤਿਹ ਘਰ ਮਾਂਹਿ ॥੮੧॥

ਛੰਦ–

ਹੇ ਗੁਰ ਤੇਰੇ ਚੜਨੇ ਲਾਇਕ ਓਹੁ ਜੋੜੀ ਮੋਕੋ ਦਰਸਾਵੈ ।
ਸ਼ਾਹ ਜਹਾਂ ਉਨ ਪਰ ਕਯੋਂ ਚੜ੍ਹ ਹੈ ਐਸੀ ਬਾਤ ਮੁਝੇ ਨਹੀਂ ਭਾਵੈ ।
ਐਸਾ ਪੁਰਖ ਜਿ ਕੋਈ ਹੋਵੈ ਉਸ ਜੋੜੀ ਕੋ ਈਹਾਂ ਲਯਾਵੈ ।
ਜਨਮ ਮਰਨ ਤੇ ਮੁਕਤਾ ਹੋਵੈ ਵਾਹੁ ਵਾਹੁ ਜਗ ਮਾਝ ਕਹਾਵੈ ॥੮੨॥

***

# ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ

ਦੋਹਰਾ ॥
ਹਰਿ ਗੁਬਿੰਦ ਗੁਰ ਕ੍ਰਿਪਾ ਕਰ ਨਾਤੀ ਲੀਓ ਬੁਲਾਇ ।
ਤਾਂਕੋ ਗੁਰਿਆਈ ਦਈ ਸ੍ਰੀ ਸਤਿਗੁਰੁ ਹਰਿ ਰਾਇ ॥੧੩੧॥

ਸ੍ਵੈਯਾ–
ਤਾਂਤੇ ਭਏ ਹਰਿ ਰਾਯ ਗੁਰੂ ਗੁਰ ਨਾਤੀ ਕੋ ਚਾਇ ਦਈ ਹੈ ਗੁਰਾਈ ।
ਧੰਨ ਹੀ ਧੰਨ ਕਹੋ ਗੁਰ ਕੋ ਜਿਨ ਨੌਬਤ ਦੀਨ ਦੁਨੀ ਮੈਂ ਬਜਾਈ ।
ਦੇਵ ਔ ਦੈਤ ਸੋ ਖਾਇਕੈ ਤ੍ਰਾਸ ਜੁਊ ਆਇ ਪਰੇ ਗੁਰ ਕੀ ਸਰਨਾਈ ।
ਮੇਟ ਦਏ ਦੂਖ ਲੋਕ ਪ੍ਰਲੋਕ ਕਲਾ ਨਿਧ ਸਾਤ ਮਹਲ ਘਨਾਈ ॥੧੩੨॥

ਸੂਰਨ ਕੋ ਗੁਰੂ ਸੂਰ ਦਿਖਾਵਤ ਮਲ ਕੋ ਮਲ ਹੈ ਦੇਤ ਦਿਖਾਈ ।
ਸਿਖਨ ਕੋ ਗੁਰ ਰੂਪ ਦਿਖਾਵਤ ਜੁਵਤਨ ਕੋ ਨਿਜ ਰੂਪ ਕਨ੍ਹਾਈ ।
ਸ਼ਾਹਨ ਕੋ ਪਾਤਿਸਾਹੁ ਦਿਖਾਵਤ ਯਾਹੀ ਮੇ ਭੇਦ ਨਹੀਂ ਇਕੁ ਰਾਈ ।
ਧੰਨ ਕਹੋ ਹਰਿ ਰਾਯ ਗੁਰੁ ਜਿਨ ਤੀਨਹੂੰ ਲੋਕ ਮੈਂ ਕੀਨੀ ਗੁਰਾਈ ॥੧੩੩॥

ਸਿਖਨ ਕੋ ਜੈਸੇ ਭ੍ਰਿੰਗਿ ਕਹਾਵਤਿ ਆਪ ਸਮਾਨ ਕਰੈਂ ਪਲ ਮਾਹੀ ।
ਰੰਕਨ ਕੋ ਗੁਰੂ ਭੂਪ ਕਰੈ ਜੈਸੇ ਪਾਰਸ ਤੇ ਕਹੂੰ ਦਾਰਿਦ ਨਾਂਹੀ ।
ਪਾਪਨ ਤਾਰਿਬੇ ਕੋ ਗੁਰ ਕੇਵਟ ਯਾਂ ਕੇ ਸਮਾਨ ਨ ਹੋਇ ਕਦਾਹੀ ।
ਨਾਂਹਿ ਗੁਰੂ ਹਰਿਰਾਯ ਸੋ ਦੂਸਰ ਤੀਨਹੂੰ ਲੋਕ ਮੇ ਢੂੰਡਨ ਜਾਂਹੀ ॥੧੩੪॥

ਦਾਰਿਦ ਤੇ ਜੋਊ ਜਾਪ ਕਰੈ ਤਿਹ ਦਾਰਿਦ ਧਾਮ ਮੈ ਨਾਹਿ ਰਹਾਵੇ ।
ਕਾਹੂ ਕੋ ਹੋਇ ਜੌ ਰੋਗ ਅਸਾਧ ਤੋ ਜਾਪ ਕੀਏ ਤਿਹ ਰੋਗ ਨਸਾਵੈ ।
ਨਾਹਿ ਕੋਊ ਗੁਰ ਕੇ ਸਮ ਸਾਜਨ ਤੀਨ ਹੂੰ ਲੋਕ ਮੈ ਢੂੰਡਨ ਜਾਵੈ ।
ਜਾਪੁ ਕਰੈ ਕੋਊ ਪੂਤ ਬਿਹੀਨ ਤੋ ਯਾਹੀ ਸਮਯ ਗੁਰ ਤੇ ਸੁਤ ਪਾਵੈ ॥੧੩੫॥

ਬੰਦ ਕੇ ਤ੍ਰਾਸ ਤੇ ਜਾਪੁ ਕਰੈ ਕੋਊ ਆਵਨ ਜਾਨ ਮਿਟੈ ਤਿਸ ਕੇਰਾ।
ਦੇਹਿ ਕੇ ਛੂਟਤ ਹੀ ਜਗ ਤੇ ਫਿਰ ਰਾਮ ਕੇ ਧਾਂਮ ਮੈ ਹੋਇ ਬਸੇਰਾ ।
ਚਾਰ ਪਦਾਰਥ ਪਾਵਤ ਜਾਂਹੀ ਤੇ ਔਰ ਨਹੀਂ ਕੋਊ ਜਾਪੁ ਚੰਗੇਰਾ ।
ਬਾਰਹੀ ਬਾਰ ਪੁਕਾਰਤਹੌਂ ਤੁਹਿ ਕਿਉਂ ਨ ਪਤੀਜਤ ਰੇ ਮਨ ਮੇਰਾ ॥੧੩੬॥

# ਸ੍ਰੀ ਗੁਰੂ ਹਰਿ ਕ੍ਰਿਸਨ ਸਾਹਿਬ ਜੀ

ਦੋਹਰਾ–
ਤਾਰਨ ਬਿਸੁ ਬ੍ਰਹਮੰਡ ਕੋ ਲੀਆ ਗੁਰ ਅਵਤਾਰ ।
ਨਾਮੁ ਸਿਰੀ ਹਰਿ ਕ੍ਰਿਸਨ ਕਹੁ ਜਾਂਤੇ ਹੋਤੁ ਉਧਾਰ ॥੧੩੭॥

ਸ੍ਵੈਯਾ–
ਆਨੰਦ ਰੂਪ ਅਨੂਪ ਕਲਾ ਤੁਤਲੀ ਰਸਨਾ ਮ੍ਰਿਦੁ ਬੋਲਤ ਬਾਨੀ ।
ਨੂਪਰ ਕੰਕਨ ਕੁੰਕਮ ਭਾਲ ਤੇ ਤੀਨ ਹੂੰ ਲੋਕ ਕੀ ਨਾਰਿ ਲੁਭਾਨੀ ।
ਘੁਟਰਨ ਚਾਲ ਚਲੈਂ ਸ੍ਰੀ ਕ੍ਰਿਸਨ ਜਯੁੰ ਮਾਤ ਜਸੋਮਤਿ ਜਯੁੰ ਮਾਤ ਹਿਤਾਨੀ ।
ਕੇਲਿ ਕਰੈਂ ਸੰਗ ਬਾਲਨ ਕੇ ਨਿਸ ਸੋਵੈਂ ਜੋ ਮਾਤ ਸੁਨਾਵੈ ਕਹਾਨੀ ॥੧੩੮॥

ਦੇਖਨ ਮੈ ਸਸਿ ਦੂਜ ਦਿਖਾਵਤ ਜੋਤਿ ਮੈਂ ਜਾਨਹੁ ਪੂਰਨਮਾਸੀ ।
ਸੰਗਤ ਭਉਜਲ ਤਾਰਨ ਕੋ ਹਰਿ ਕ੍ਰਿਸਨ ਕਾ ਰੂਪ ਲੀਆ ਅਬਿਨਾਸੀ ।
ਦਾਰਿਮ ਦੰਤਨ ਤੇ ਸੁਨੀਓ ਤਬ ਫੂਲ ਝਰੈਂ ਜੋ ਉਚਾਰਤ ਹਾਸੀ ।
ਐਸੇ ਸਰੂਪ ਕਾ ਧਯਾਨ ਧਰੈਂ ਜੋਊ ਟੂਟਤ ਹੈ ਤਿਨਕੀ ਜਮ ਫਾਸੀ ॥੧੩੯॥

ਪਾਂਚ ਹੀ ਬਰਖ ਲੌਂ ਕੇਲ ਕਰੀ ਗੁਰ ਪਾਛੇ ਤੇ ਟੀਕਾ ਭਯਾ ਗੁਰਿਆਈ ।
ਮੋਹਿ ਅਨਾਥ ਤੇ ਪਾਰ ਨ ਪਾਯਤ ਚੰਦ ਔ ਸੂਰ ਤੇ ਜੋਤਿ ਸਵਾਈ ।
ਧਾਰਿ ਕੇ ਰੂਪ ਗੁਰੂ ਹਰਿ ਕ੍ਰਿਸਨ ਕਾ ਨਾਨਕ ਆਪਨੀ ਜੋਤਿ ਜਗਾਈ ।
ਸਾਤ ਅਕਾਸ ਔ ਸਾਤ ਪਤਾਲ ਹੈ ਚੌਧਹੂੰ ਲੋਕ ਮੈਂ ਹੋਈ ਬਧਾਈ ॥੧੪੦॥

ਖੇਵਟ ਕਾ ਬਪੁ ਹੋਇ ਪੁਰਾਤਨ ਨੌਤਨ ਔਰ ਬਹਾਵਤ ਹੈਂ ।
ਚੋਰ ਔ ਯਾਰ ਅਨੇਕ ਖੜੇ ਤਿਨ ਕਹੁ ਵਹੁ ਪਾਰ ਲੰਘਾਵਤ ਹੈਂ ।
ਤੈਸੇ ਹੀ ਨੌਤਨ ਧਾਰ ਕੇ ਰੂਪ ਗੁਰੂ ਹਰਿ ਕ੍ਰਿਸਨ ਕਹਾਵਤ ਹੈਂ ।
ਜੋ ਨਰ ਪਤਣ ਆਵਤ ਹੈ ਤਿਸੁ ਭੈਜਲ ਮਾਂਹਿ ਤਰਾਵਤ ਹੈਂ ॥੧੪੧॥

ਪਤਣ ਛਡ ਗੁਰੂ ਹਰਿ ਕ੍ਰਿਸਨ ਕਾ ਜਾਯ ਪੜੈਗਾ ਅਵਤਣ ਜੋਈ ।
ਕਾਹੇ ਕਉ ਭੈਜਲ ਪਾਰ ਪਰੇ ਵਹੁ ਬੀਚ ਹੀ ਮੈ ਬੁਡ ਜਾਇਗਾ ਸੋਈ ।
ਜਾਨ ਰੇ ਜਾਨ ਅਜਾਨ ਮਨਾ ਹਰਿ ਕ੍ਰਿਸਨ ਸਮਾਨ ਮਲਾਹੁ ਨ ਕੋਈ ।
ਤਾਂਹਿਕੇ ਨਾਮ ਕੀ ਜਾਨ ਲਹੌ ਸਭ ਕੰਕ ਸਦਾ ਉਰ ਮਾਲ ਪਰੋਈ ॥੧੪੨॥

ਤੀਨ ਹੂੰ ਬਰਸ ਕਰੀ ਗੁਰਿਆਈ ਤੌਂ ਸੁਰਪੁਰਿ ਤੇ ਭਈ ਆਇ ਰਵਾਰੀ ।

ਇੰਦ੍ਰ ਪੁਰੀ ਮੇ ਅੰਧੇਰ ਪਰਾ ਅਬ ਹੇ ਗੁਰ ਬੇਗ ਕਰੋ ਅਸਵਾਰੀ ।
ਤੇਤੀਸ ਕਰੋੜ ਬਸੈ ਤਿਹ ਦੇਵ ਸੁ ਬਾਟ ਤਿਹਾਰੀ ਕੋ ਨੈਨ ਨਿਹਾਰੀ ।
ਦਰਸ ਦਿਖਾਵਨ ਕੋ ਤਿਨਕੇ ਗੁਰੂ ਬਾਲ ਅਵਸਥ ਮੈ ਕੀਨੀ ਤਯਾਰੀ ॥੧੪੩॥

ਸਿਖ ਕਹੈਂ ਕਰ ਜੋਰ ਸਭੈ ਮਨੁ ਲਾਇ ਸੁਨੋ ਅਰਦਾਸ ਹਮਾਰੀ ।
ਹੈ ਗੁਰ ਤੋਹਿ ਬਿਨਾ ਜਗ ਮੈ ਜੈਸੇ ਸੂਰ ਦੁਰਾਏ ਤੇ ਹੋਤ ਅੰਧਾਰੀ ।
ਕੌਨ ਗੁਰੂ ਹਮਰਾ ਜਗ ਮੈ ਤੁਹਿ ਬਾਝ ਗੁਰੂ ਦੁਖ ਹੋਇਗੋ ਭਾਰੀ ।
ਏਤੀ ਸੁਨੀ ਗੁਰ ਕਾਂਨਨ ਸੋਂ ਤਬ ਸੈਂਨਨ ਸੋਂ ਇਕ ਬਾਤ ਉਚਾਰੀ ॥੧੪੪॥

ਦੋਹਰਾ–
ਬਾਬਾ ਬਕਾਲੇ ਬਸੈ ਦੇਹੁ ਗੁਰਾਈ ਤਾਸ ।
ਏਤੀ ਬਾਤ ਉਚਾਰ ਕੇ ਛੋਰ ਦੀਏ ਗੁਰ ਸਾਸ ॥੧੪੫॥

ਸ੍ਵੈਯਾ–
ਸਾਸੁ ਤਿਆਗਤ ਹੀ ਗੁਰ ਕੇ ਭਯਾ ਸਿਖਨ ਕੋ ਅਤਿ ਹੀ ਦੁਖ ਭਾਰੀ ।
ਚਾਰ ਹੀ ਬਰਨ ਇਕਤ੍ਰ ਭਏ ਮਿਲ ਰੋਵਤ ਹੈਂ ਸਗਲੇ ਨਰ ਨਾਰੀ ।
ਕੌਨ ਸਮੋਧ ਕਰੇ ਕਿਸ ਕੋ ਰਹੀ ਨਾਰੀ ਨ ਰੋਵਤੋ ਕੋਊ ਨ ਯਾਰੀ ।
ਹਾਟ ਮੇ ਰੋਵਤ ਹੈ ਬਨੀਯਾ ਸਭ ਕੂਪ ਪੈ ਰੋਵਤ ਹੈ ਪਨਹਾਰੀ ॥੧੪੬॥

ਰੋਵਤ ਹੈਂ ਪੁਰਿ ਬਾਸਿ ਸਭੈ ਅਰ ਰੋਵਤ ਬਾਟ ਕੇ ਜਾਵਨ ਹਾਰੇ ।
ਰੋਵਤ ਬਾਜ ਸੀਚਾਨ ਸਭੈ ਅਰ ਰੋਵਤ ਹੈਂ ਖਗ ਮ੍ਰਿਗ ਔਸਾਰੇ ।
ਰੋਇ ਤੁਰੰਗਨ ਘਾਸ ਚਰੈਂ ਅਰੁ ਦੂਧ ਪੀਏਂ ਬਛੁਰੇ ਨ ਬਿਚਾਰੇ ।
ਰੋਵਨ ਤੇ ਨਹੀਂ ਕੋਊ ਰਹਾ ਸੁਨਿਆ ਜਿਨ ਵਾਹਿਗੁਰੁ ਹੈਂ ਸਿਧਾਰੇ ॥੧੪੭॥

## ਸ੍ਰੀ ਗੁਰੂ ਤੇਗ ਬਹਾਦਰ ਜੀ

ਕਰਮ ਔ ਧਰਮ ਕੀਏ ਗੁਰ ਕੇ ਤਬ ਸਿਖਨ ਏ ਮਨ ਮੈਂ ਠਹਿਰਾਈ ।
ਹੋਇ ਇਕਤ੍ਰ ਬਕਾਲੇ ਚਲੋ ਦੇਖੋ ਕੌਨ ਕੌ ਦੀਨੀ ਹੈ ਰਾਮ ਗੁਰਾਈ ।
ਆਗੇ ਬਕਾਲੇ ਮੇ ਏਹੁ ਭਈ ਘਰ ਹੀ ਘਰ ਮੇ ਇਕ ਖਾਟ ਬਿਛਾਈ ।
ਆਪ ਹੀ ਆਪ ਬਨੇ ਸਭ ਹੀ ਗੁਰੁ ਖੋਜ ਰਹੇ ਕਹੂੰ ਸੁਧ ਨ ਪਾਈ ॥੧੪੮॥

ਚਿੰਤ ਭਈ ਸਭ ਕੇ ਮਨ ਮੈਂ ਅਬ ਕੌਨ ਗੁਰੂ ਕਿਸ ਕੋ ਸਿਰ ਨਯਾਈਏ ।
ਪਾਖੰਡ ਕੇ ਗੁਰੂ ਹੂਏ ਅਨੇਕ ਪੈ ਸਾਚਾ ਗੁਰੂ ਕਿਹ ਭਾਂਤਿ ਤੇ ਪਾਈਏ ।
ਨਾਯਕ ਏਕ ਗਿਨੀ ਮਨ ਮੈਂ ਘਰ ਸੋਂ ਕਛੁ ਭੇਟ ਦੁਰਾਯ ਕੈ ਲਯਾਈਏ ।
ਜੋ ਗੁਰੁ ਹੋਇ ਸੁ ਮਾਂਗ ਲਏ ਨਿਜ ਭੇਟ ਨ ਤਾਂਹਿ ਕੋ ਕਾਹੂ ਦਿਖਾਈਏ ॥੧੪੯॥

ਲੀਨੀ ਹੈ ਭੇਟ ਦੁਰਾਯ ਕਛੂ ਤਿਨ ਭੇਦ ਨ ਕਾਂਹੁ ਸੋਂ ਆਖਿ ਸੁਨਾਯਾ ।
ਜੇਤੇ ਭਏ ਠਗ ਰੂਪ ਗੁਰੂ ਤਹਿਂ ਰਾਖ ਕੈ ਤੁਛ ਹੀ ਸੀਸ ਨਿਵਾਯਾ ।
ਲੇਤ ਖੁਸੀ ਉਠਿਆ ਤਹਿਂ ਤੇ ਗੁਰ ਤੇਗ ਬਹਾਦਰ ਕੇ ਘਰ ਆਯਾ ।
ਅਲਪ ਸੀ ਭੇਟ ਧਰੀ ਜਬ ਆਇਕੇ ਵਾਹਿਗੁਰੂ ਤਬ ਬੋਲਿ ਸੁਨਾਯਾ ॥੧੫੦॥

ਕਾਹਿ ਦੁਰਾਵਤ ਹੈਂ ਹਮ ਤੇ ਜੋਊ ਲਯਾਯਾ ਹੈਂ ਭੇਟ ਸੁ ਦੇਹਿ ਹਮਾਰੀ ।
ਯੌ ਨਹੀਂ ਜਾਨਤ ਹੋਂ ਮਨ ਮੈ ਤਬ ਦੇਊਂ ਬਤਾਯ ਕਹੋ ਜਬ ਸਾਰੀ ।
ਤੀਨ ਹੀ ਲੋਕ ਕੀ ਜਾਨਤ ਹੈ ਗੁਰੁ ਕੇਤਿਕ ਹੈ ਇਹੁ ਬਾਤ ਬਿਚਾਰੀ ।
ਦੀਨੀ ਬਤਾਯ ਭਈ ਤਬ ਸੁਧ ਕਹੀ ਤੁਮ ਧੰਨ ਹੋ ਰੂਪ ਮੁਰਾਰੀ ॥੧੫੧॥

ਭੇਟ ਚਢਾਇਕੈ ਸੀਸੁ ਨਿਵਾਇਕੇ ਚੁੰਮਤ ਹੀ ਪਗ ਬੋਲ ਕਰਾਰਾ ।
ਪਾਯਾ ਹੈ ਮੈਂ ਅਬ ਸਾਚਾ ਗੁਰੂ ਤੁਮ ਕਾਹੇ ਕੋ ਭੂਲਤ ਹੋ ਨਰ ਨਾਰਾ ।
ਏਹੁ ਪੁਕਾਰ ਸੁਨੀ ਜਬ ਹੀ ਤਬ ਆਇ ਇਕਤ੍ਰ ਭਯਾ ਪੁਰ ਸਾਰਾ।
ਨਾਯਕ ਹਾਥ ਸੋਂ ਟੀਕਾ ਲਵਾਯਕੈ ਭਾਨ ਸਮਾਨ ਭਯਾ ਗੁਰੁ ਭਾਰਾ ॥੧੫੨॥

ਸਤਯ ਮੈ ਰੂਪ ਅਹੀ ਮਿਹਰਵਾਨ ਕਾ ਧਾਰਤ ਹੀ ਜਗ ਮੈ ਗੁਰੁ ਆਯਾ ।
ਧਾਰਕੇ ਔਰ ਹੀ ਰੂਪ ਤ੍ਰੇਤ ਮੈ ਨਾਮ ਵਟਾਯਕੈ ਜਨਕ ਕਹਾਯਾ ।
ਹੋਇ ਦੁਆਪਰ ਮੇ ਫਿਰ ਅਰਜਨ ਸ੍ਰੀ ਬਲਬੀਰ ਕਾ ਬੀਰ ਕਹਾਯਾ ।
ਕਲਿਜੁਗ ਮੈ ਸ੍ਰੀ ਨਾਨਕ ਹੋਇਕੈ ਭੈਜਲ ਤੇ ਜਿਨ ਜਗਤੁ ਤਰਾਯਾ ॥੧੫੩॥

ਦੋਹਰਾ–
ਤੇਗ ਬਹਾਦੁਰ ਹੈ ਵਹੀ ਜਾਨ ਲੇਹੁ ਮਨ ਮਾਹਿ ।
ਗੁਰ ਨਾਨਕ ਅਰੁ ਯਾਹਿ ਮੈ ਭੇਦ ਦੂਸਰੋ ਨਾਂਹਿ ॥੧੫੪॥

ਚੌਪਈ–
ਕਾਂਸੀ ਬੈਠ ਕਰੈ ਤਪੁ ਭਾਰੀ ।
ਹਰਿਦੁਆਰ ਨ੍ਹਾਵੇ ਸੌ ਵਾਰੀ ।
ਪਿਰਾਗ ਜਾਯ ਜੌ ਮੂੰਡ ਮੁੰਡਾਵੈ।
ਬਿਨੁ ਗੁਰ ਸਰਨ ਨਹੀ ਗਤਿ ਪਾਵੇ ॥੧੫੫॥

ਮਥੁਰਾ ਮੈ ਬੈਠਾ ਗੁਨ ਗਾਏ ।
ਜਾਇ ਦ੍ਵਾਰਕਾ ਛਪ ਲਵਾਏ ।
ਗਯਾ ਪਿੰਡ ਜੌ ਜਾਇ ਭਰਾਵੈ।
ਬਿਨੁ ਗੁਰ ਸਰਨ ਨਹੀ ਗਤਿ ਪਾਵੈ ॥੧੫੬॥

ਕੰਦ ਮੂਲ ਖਾਵੈ ਦਿਨ ਰਾਤੀ ।
ਦਾਨ ਦਿਜਨ ਦੇਵੇ ਪਰਭਾਤੀ ।
ਔਰ ਪਖੰਡ ਅਨੇਕ ਕਮਾਵੈ ।
ਬਿਨ ਗੁਰ ਸਰਨ ਨਹੀ ਗਤਿ ਪਾਵੈ ॥੧੫੭॥

ਦੋਹਰਾ–
ਤੇਗ ਬਹਾਦਰ ਗੁਰੂ ਕੀ ਚਰਨੀ ਲਾਗੈ ਆਇ ।
ਜਨਮ ਮਰਨ ਤੇ ਮੁਕਤ ਹੁਇ ਮੋਖ ਪਦਾਰਥ ਪਾਇ ॥੧੫੮॥

ਸ੍ਵੈਯਾ–
ਵਾਹਿਗੁਰੁ ਤਬ ਬੈਠ ਸਿੰਘਾਸਨ ਸਿਖਨ ਕੌ ਨਿਜ ਚਰਨ ਛੁਹਾਏ ।
ਦੈ ਉਪਦੇਸ ਸਭੈ ਨਰ ਨਾਰਿਨ ਰਾਮ ਕੇ ਨਾਮ ਕੇ ਮਾਰਗ ਪਾਏ ।
ਚਾਰ ਪਦਾਰਥ ਪਾਯਤ ਹੈਂ ਗੁਰ ਤੇਗ ਬਹਾਦਰ ਕੇ ਗੁਨ ਗਾਏ ॥੧੫੯॥

ਦੋਹਰਾ–
ਆਗਰੇ ਮੈ ਸਤਿਗੁਰ ਗਏ ਸਹਿਜੇ ਆਪ ਸੁਭਾਇ ।
ਏਕ ਦੁਸਟ ਚੁਗਲੀ ਕਰੀ ਦਿਲੀ ਪਤਿ ਪਹਿ ਜਾਇ ॥੧੬੦॥

ਤਹਾਂ ਅਮਾਨਤ ਗੁਰੂ ਕੀ ਏਕ ਦੁਸਾਲਾ ਆਹਿ ।
ਲੇਤ ਤਹਾਂ ਤੇ ਦੁਸਟ ਨੈ ਜਾਯ ਦਿਖਾਯਾ ਸ਼ਾਹਿ ॥੧੬੧॥

ਤੁਮਰੇ ਪਹਿਰਨ ਕੋ ਇਹਾਂ ਹਾਥ ਨ ਆਵੈ ਏਕ ।
ਐਸੇ ਤੋਂ ਗੁਰੁ ਸਦਨ ਮੈ ਰਹਿਤੇ ਪੜੇ ਅਨੇਕ ॥੧੬੨॥

ਅਹਿਦੀ ਮੁਗਲ ਪਠਾਇਕੈ ਲੀਨਾ ਗੁਰੂ ਬੁਲਾਯ ।
ਬੁਰਾ ਕਰਨ ਕੋ ਆਪਨਾ ਧਰਾ ਬੰਦ ਮਹਿ ਪਾਇ ॥੧੬੩॥

ਕਹੈ ਸਾਹੁ ਸਤਿਗੁਰੂ ਕੋ ਕੈ ਧਨ ਦੇਹੁ ਅਪਾਰ ।
ਕੈ ਕਰਾਮਾਤ ਦਿਖਾਉ ਤੂੰ ਹੋਵੈ ਤਉ ਛੁਟਕਾਰ ॥੧੬੪॥

ਧਨੁ ਸ਼ਾਹੁਨ ਪੈ ਹੋਤ ਹੈ ਕਰਾਮਾਤ ਕੋ ਪੀਰ ।
ਨਾਂ ਹਮ ਸ਼ਾਹੁ ਨ ਪੀਰ ਹੈਂ ਰਾਖਹੁ ਮਨ ਮੈ ਧੀਰ ॥੧੬੫॥

ਬੁਰਾ ਕਰੌਗੇ ਆਪ ਕੋ ਭਲਾ ਕਰੌਗੇ ਆਪ ।
ਲੇਖਾ ਦਰਗਹ ਹੋਊਗਾ ਦੁਊ ਪੁੰਨ ਅਰੁ ਪਾਪ ॥੧੬੬॥

ਜੌਂ ਬੀਜੈ ਜੌਂ ਹੀ ਲਹੈ ਕਣਕ ਕਣਕ ਸੋ ਪਾਯ ।
ਜੌਂ ਬੀਜੇ ਤੇ ਸਾਹਿ ਜੀ ਕਣਕ ਨਾਂਹਿ ਹੁਇ ਜਾਯ ॥੧੬੭॥

ਤਹਾਂ ਬੇਠ ਸਤਿਗੁਰੂ ਨੈਂ ਬਾਣੀ ਕਰੀ ਅਨੇਕ ।
ਰਾਗ ਰਾਗ ਮਹਿ ਸਬਦ ਹੈਂ ਭੀਨੇ ਮੋਹਿ ਬਿਬੇਕ ॥੧੬੮॥

ਅਵਰ ਸਲੋਕ ਜੁ ਕੀਏ ਹੈਂ ਅਤਿ ਬਿਓਗ ਤਿਨ ਮਾਂਹਿ ।
ਤਿਨ ਕੇ ਪੜਨੇਹਾਰ ਕੇ ਪਾਪ ਨਿਕਟ ਨ ਰਹਾਂਹਿ ॥੧੬੯॥

ਇਨ ਸਬਦਨ ਕੇ ਪੜੋ ਤੇ ਦੇਤ ਬਿਕਾਰ ਭੁਲਾਯ ।
ਇਨ ਸਬਦਨ ਕੇ ਪੜੋ ਤੇ ਉਤਮ ਪਦਵੀ ਪਾਯ ॥੧੭੦॥

ਅਨਿਕ ਮਿਠਾਈ ਦੇਖ ਕੈ ਕਾਹਿ ਤਜੈ ਕੋ ਖਾਯ ।
ਭਲਾ ਤਾਂਹਿ ਇਹੁ ਜਾਨਿਅਹੁ ਪੋਟ ਬਾਂਧਿ ਲੇ ਜਾਯ ॥੧੭੧॥

ਜੇਤੀ ਬਾਣੀ ਗੁਰੁ ਕਰੀ ਸਭ ਹੀ ਕੰਠ ਕਰੇਇ ।
ਬ੍ਰਹਮ ਮੁਹੂਰਤ ਪੜ੍ਹੈ ਉਠਿ ਤੌਂ ਇਸ ਕਾ ਫਲ ਲੇਇ ॥੧੭੨॥

ਜੋ ਜੋ ਗੁਨ ਇਸ ਮਾਂਹਿ ਹੈਂ ਮੋ ਪੈ ਗਨੇ ਨ ਜਾਂਹਿ ।
ਪੁਸਤਕ ਕੀਨਾ ਚਾਹੀਏ ਤਾਂਤੇ ਬਰਨੇ ਨਾਂਹਿ ॥੧੭੩॥

ਸੀਸ ਦੀਯਾ ਤਹਿ ਸਤਿਗੁਰੂ ਸਿਰਰ ਨ ਦੀਨਾ ਜਾਇ ।
ਜੰਞੂ ਟਿਕਾ ਰਾਖਿਆ ਚਲੇ ਰਾਮ ਗੁਨ ਗਾਇ ॥੧੭੪॥

ਹਯ ਹਯ ਹਯ ਸਭ ਜਗ ਭਯਾ ਸੁਰਗ ਲੋਕ ਜਯਕਾਰ ।
ਭਈ ਬਧਾਈ ਇੰਦ੍ਰ ਕੇ ਆਏ ਆਪ ਮੁਰਾਰਿ ॥੧੭੫॥

ਇੰਦ੍ਰਪੁਰੀ ਕੋ ਆਜ ਤੇ ਭਯ ਕਾਹੂ ਕੋ ਨਾਹਿ ।
ਸੋਢੀ ਪਤਿ ਗੁਰੂਅਨ ਗੁਰੂ ਬਸੇ ਆਯ ਜਿਨ ਮਾਂਹਿ ॥੧੭੬॥

## ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਤਿਨ ਕਾ ਸੁਤ ਗੋਬਿੰਦ ਸਿੰਘ ਸਭ ਗੁਰੂਅਨ ਸਿਰਮੌਰ ।
ਜੈਸੇ ਅਵਿਤਾਰਨ ਬਿਖੈ ਕ੍ਰਿਸ਼ਨ ਸਮਾਨ ਨ ਔਰ ॥੧੭੭॥

ਸ੍ਵੈਯਾ–
ਪੀਰਨ ਤੇ ਜਿਨ ਪੀਰੀ ਹਰੀ ਅਰੁ ਗੁਰੂਅਨ ਤੇ ਹਰਿ ਲੀਨੀ ਗੁਰਾਈ ।
ਸ਼ਾਹਿਨ ਸੋਂ ਪਤਿਸਾਹੀ ਹਰੀ ਅਰੁ ਮੀਰਨ ਕੀ ਜਿਨ ਮੀਰੀ ਗਵਾਈ ।
ਚਾਰੋਂ ਹੀ ਬਰਨ ਮਿਲਾਯ ਦੀਏ ਜਿਨ ਕਾਹੂੰ ਮੈ ਨਾਂਹਿ ਰਹੀ ਬਿਸਨਾਈ ।
ਐਸੋ ਹੀ ਰੂਪ ਮੇਂ ਗੋਬਿੰਦ ਸਿੰਘ ਅਕਾਲ ਅਕਾਲ ਕੀ ਬਾਣੀ ਜਪਾਈ ॥੧੭੮॥

ਸੋਹਤ ਹੈ ਕਲਗੀ ਤਿਹ ਸੀਸ ਪੈ ਹੀਰਨ ਕੀ ਜੜਤੀ ਸੋਂ ਜੜਾਈ ।
ਇੰਦਰ ਕੀ ਕਲਗੀ ਹੂੰ ਤੇ ਸੁੰਦਰ ਚੰਦ ਔ ਸੂਰ ਤੇ ਜੋਤਿ ਸਵਾਈ ।
ਮੋਤਿਨ ਮਾਲ ਬਸੈ ਗਰ ਪੈ ਜੈਸੇ ਸਯਾਮ ਗਰੇ ਬਨ ਮਾਲ ਸੁਹਾਈ ।
ਗੋਬਿੰਦ ਸਿੰਘ ਕਹਾਵਤ ਹੀ ਜਿਨ ਤੀਨ ਹੂੰ ਲੋਕ ਮੈਂ ਕੀਨੀ ਗੁਰਾਈ ॥੧੭੯॥

ਦੋਹਰਾ–
ਪਿਤਾ ਸ੍ਵਰਗ ਮੈ ਗਏ ਸੁਨ ਕੀਨਾ ਅਧਿਕ ਬਿਯੋਗੁ ।
ਦੇਹਿ ਧਾਰੀ ਕਾ ਧਰਮ ਹੈ ਹੋਵਤ ਹੈ ਜਗ ਸੋਗ ॥੧੮੦॥

ਹੋਵੈ ਐਸਾਂ ਸਿਖ ਮਮ ਸਤਿਗੁਰੂ ਕਹਯਾ ਸੁਨਾਯ ।
ਲੋਥ ਹਮਾਰੇ ਪਿਤਾ ਕੀ ਤਹਿਂ ਤੇ ਲਯਾਵੈ ਜਾਯ ॥੧੮੧॥

ਔਰ ਸਭੈ ਚੁਪ ਕਰ ਗਏ ਮਜਬੀ ਉਠਿਆ ਰੋਇ ।
ਮੈਂ ਹੂੰ ਉਦਮ ਕਰੌਂਗਾ ਹੋਣੀ ਹੋਇ ਸੁ ਹੋਇ ॥੧੮੨॥

ਮਜਬੀ ਵਹੁ ਸਤਿਗੁਰੂ ਕਾ ਬਾਰ ਬੁਹਾਰਨਹਾਰ ।
ਤਾਂ ਪਰਿ ਗੁਰੁ ਕਿਰਪਾ ਕਰੀ ਤੁਰਿਆ ਜਨਮ ਸਵਾਰ ॥੧੮੩॥

ਸ੍ਵੈਯਾ–

ਆਇਸੁ ਪਾਇਕੈ ਸੀਸੁ ਨਿਵਾਇਕੈ ਦਿਲੀ ਮੈਂ ਜਾਇਕੈ ਲੋਥ ਉਠਾਈ ।
ਦੀਨਾ ਹੈ ਰਾਮ ਜੀ ਮੇਲੁ ਬਨਾਇਕੈ ਸੋਇ ਗਈ ਹੈ ਸਭ ਹੀ ਲੁਕਾਈ ।
ਸੋਇ ਗਏ ਰਖਵਾਰੇ ਸਭੈ ਤਿਹ ਆਵਨ ਕੀ ਸੁਧ ਕਾਹੂ ਨ ਪਾਈ ।
ਖੋਲ ਦੀਏ ਦਰਵਾਜੇ ਸਭੈ ਗੁਰ ਆਪ ਹੀ ਆਪ ਕੋ ਹੋਆ ਸਹਾਈ ॥੧੮੪॥

ਬਾਂਧਿਕੈ ਪੋਟ ਉਠਾਯਕੈ ਸੀਸ ਪੈ ਤਯਾਗ ਬਿਲੰਬ ਕਰੀ ਉਨਿ ਧਾਈ ।
ਪਾਉਂ ਧਰਾ ਜਬ ਆਇਕੈ ਬਾਹਿਰ ਪਾਛੈ ਤੇ ਸ਼ੋਰ ਭਯਾ ਅਧਿਕਾਈ ।
ਸ਼ਾਹ ਸੁਨੀ ਇਹ ਬਾਤ ਜਬੈ ਤਿਨ ਚਾਰੋਂ ਹੀ ਓਰ ਤੇ ਫੌਜ ਦੁੜਾਈ ।
ਛੁਇ ਨ ਸਕੈ ਤਿਨਕੀ ਕੋਊ ਛਹਿ ਕੋ ਵਾਹਿਗੁਰੂ ਜਿਨ ਹੋਤ ਸਹਾਈ ॥੧੮੫॥

ਦੋਹਰਾ–

ਲੈ ਆਯਾ ਸਤਿਗੁਰੂ ਪਹਿ ਰਾਖੀ ਕੁਸ਼ਾ ਬਿਛਾਯ ।
ਧੋਈ ਲੋਥ ਗੁਲਾਬ ਸੋਂ ਖੁਸੀ ਕਰੀ ਅਧਿਕਾਯ ॥੧੮੬॥

ਮਜਬੀ ਉਪਰ ਸਤਿਗੁਰੁ ਐਸੀ ਕਿਰਪਾ ਕੀਨ ।
ਸੂਰੀ ਅੰਮ੍ਰਿਤਸਰ ਤਾਲ ਕੀ ਬਾਹੀ ਚਉਥੀ ਦੀਨ ॥੧੮੭॥

ਇਕਠਾ ਕਰ ਚੰਦਨ ਅਧਿਕ ਲੀਨੀ ਚਿਤਾ ਬਨਾਇ ।
ਸਤਿਗੁਰੂ ਦੀਨਾ ਦਾਗ ਨਿਜ ਊਪਰ ਲੋਥ ਧਰਾਯ ॥੧੮੮॥

***

ਸਬਦ ਭੇਟ ਪਟੋਬਰ ਦੀਨੇ ।
ਸਭ ਰਾਗਨਿ ਸਤਿਗੁਰ ਤੇ ਲੀਨੇ ।
ਜੋ ਦਾਨ ਸਤਿਗੁਰ ਜੀ ਦਏ ।
ਮੋ ਥੇ ਨਾਹਿ ਤੇ ਗਨੇ ਸਭ ਗਏ ॥੧੯੦॥

ਪ੍ਰਥਮੇਂ ਗੁਰ ਕੀ ਕਿਰਪਾ ਹੋਈ ।
ਅਚਾਰਜ ਭੁਖਾ ਰਹਾ ਨ ਕੋਈ ।
ਧਰਮ ਸਾਂਤਿ ਸਭ ਹੀ ਮਹਿ ਛਾਏ ।
ਸਭਨ ਹੋਮ ਕੇ ਗੜਵੇ ਪਾਏ ॥੧੯੧॥

ਧਰਮ ਸਾਂਤਿ ਜਬ ਕਰ ਰਹੇ ਸਤਿਗੁਰ ਸਗਲ ਜਹਾਨ ।
ਸੰਗਤਿ ਨਿਕਟਿ ਬੁਲਾਇਕੇ ਤਾਂ ਸਿਉਂ ਕਰੀ ਬਖਾਨ ॥੧੯੨॥

ਦੇਵੀ ਕੀ ਪੂਜਾ ਕਰੋ ਲਊਂ ਵੈਰ ਨਿਜ ਤਾਤ ।
ਪੰਥ ਚਲਾਊ ਆਪਨਾ ਤਬ ਜਾਨਹਿਗੋ ਲੋਕ ਸਾਤ ॥੧੯੩॥

ਐਸਾ ਪੰਥ ਚਲਾਂਉਂਗੋ ਜਾਣੈਗਾ ਸਭ ਕੋਇ ।
ਹਿੰਦੂ ਮੁਸਲਮਾਨ ਕੇ ਚਖਨ ਮਾਹਿ ਤ੍ਰਿਣ ਹੋਇ ॥੧੯੪॥

ਰੜਕੈਗਾ ਵਹੁ ਦੁਹਨ ਕੋ ਸੋਇ ਨ ਸਾਕਹਿੰ ਰੈਨ ।
ਹਿੰਦੂ ਮੁਸਲਮਾਨ ਕੋ ਆਵੇ ਨਾਹੀ ਚੈਨ ॥੧੯੫॥

ਸਿਖ ਹੋਇ ਜੋ ਗੁਰੂ ਕਾ ਤਾਂਕੇ ਦੁਖ ਨਹੀ ਦੇਇ ।
ਰਾਮ ਭਜਨ ਜੋ ਨਰ ਕਰੈ ਸੋ ਸੁਖ ਮਾਂਹਿ ਰਹੇਇ ॥੧੯੬॥

ਸ੍ਵੈਯਾ–
ਸਤਿਗੁਰੂ ਨਿਜੁ ਸਿਖ ਪਠਾਇਕੇ ਕਾਂਸੀ ਤੇ ਪੰਡਿਤ ਮੰਗਵਾਯਾ ।
ਲਾਖ ਰੁਪਏ ਦਾਨ ਦਿਯੇ ਤਹਿ ਦਾਰਾ ਔਪੁਤਨ ਪਾਸ ਪਠਾਯਾ ।
ਪਰਬਤ ਮੈ ਨੈਨਾ ਦੇਵੀ ਕੇ ਟਿਲੇ ਮੈ ਗੁਰੂ ਸਥਾਨ ਅਨੂਪ ਬਨਾਯਾ ।
ਬਿਪੁ ਔਰ ਵਾਹਿਗੁਰੂ ਦੋਊ ਬੈਠਕੈ ਯਾਹੀ ਮੈ ਦੇਵੀ ਕਾ ਪਾਠ ਰਚਾਯਾ ॥੧੯੭॥

ਸਾਲ ਕਾ ਰਾਖ ਅਨਾਜ ਤਹਾਂ ਅਰ ਸਾਲਨਾ ਅਤਿ ਤਹਾ ਧਰਾਯਾ ।
ਸਾਲਨਾ ਘ੍ਰਿਤ ਔ ਸਾਲ ਕੇ ਜੋ ਤਿਲ ਸੋਊ ਲੀਯਾ ਜੋ ਬਿਪ੍ਰ ਬਤਾਯਾ ।
ਬਸਤਰ ਰਾਖ ਅਪਾਰ ਤਹਾਂ ਜਲ ਪੀਵਨ ਕੋ ਇਕ ਰੂਪ ਬਨਾਯਾ ।
ਪੰਡਿਤ ਔ ਗੁਰਦੇਉ ਰਹਾ ਤਹ ਔਰ ਤੀਸਰਾ ਜਾਨ ਨ ਪਾਯਾ ॥੧੯੮॥

ਤਯਾਗੀ ਭਯੇ ਮਨ ਸਾਰੇ ਜਹਾਨ ਤੇ ਬੈਠ ਕੇ ਦੇਵੀ ਕਾ ਪਾਠ ਉਚਾਰੈ ।
ਬੰਦ ਕਰਾਯੋ ਕਿਵਾੜ ਸਬੈ ਜੋਊ ਵਾਹਿਗੁਰੂ ਬਿਨ ਕੋਊ ਨ ਧਾਰੈ ।
ਘੀਉ ਜੋ ਹੋਮ ਕਰੈਂ ਦਿਨ ਰੈਨਿ ਔ ਪਾਯਕੈ ਜੋਊ ਤਿਲ ਕੋ ਤਹ ਜਾਰੇ ।
ਹਾਥਨ ਸੇ ਗੁਰ ਜੋਊ ਤਿਲ ਪਾਵਤ ਔ ਮੁਖ ਤੇ ਨਿਤ ਜਾਪ ਉਚਾਰੈ ॥੧੯੯॥

ਕੀਨਾ ਹੋ ਅਲਪ ਅਹਾਰ ਗੁਰੂ ਔਰ ਤੁਛ ਹੀ ਨੀਂਦ ਭਈ ਗੁਰ ਕੇਰੀ ।
ਯਹਿ ਉਚਾਰ ਕਰੈ ਮੁਖ ਸੌ ਜਗ ਮਾਤ ਸੁਨੋ ਇਕ ਬੇਨਤੀ ਮੇਰੀ ।
ਮੋਹਿ ਨ ਬਸ ਨਾਥ ਅਭੀ ਕਛ ਯਾਹੀ ਤੇ ਕੀਨੀ ਹੈ ਸੇਵਾ ਮੈਂ ਤੇਰੀ ।
ਚਾਹਿਤ ਹੈ ਹਮਰੇ ਰਿਦ ਮੈ ਤੁਹਿ ਚਰਨ ਨ ਦਰਸ ਕਰੋ ਇਕ ਬੇਰੀ ॥੨੦੦॥

ਬਾਨੀ ਅਕਾਸ ਤੌਂ ਇਹ ਭਈ ਤੁਮ ਪਾਠ ਕਰੋ ਅਪ ਪੂਰਨ ਮੇਰਾ ।
ਔਰ ਤਬੈ ਲਗ ਹੋਮ ਕਰੋ ਜਬ ਪੂਰਨਿ ਹੋਯ ਤਉ ਪਾਵੋ ਮੈ ਫੇਰਾ ।
ਜੋ ਮਨਸਾ ਤੁਮਰੇ ਮਨ ਕੀ ਸੋਈ ਦੇਊਂਗੀ ਕਾਜ ਸਵਾਰ ਮੈਂ ਤੇਰਾ ।
ਸਾਹਨਿ ਕੋ ਪਤਿਸ਼ਾਹਨਿ ਕੋ ਤੁਮ ਅਗੈ ਨਵਾਯ ਕਰਉਗੀ ਚੇਰਾ ॥੨੦੧॥

ਮ੍ਰਯਾਦਾ ਸੇ ਹੋਮ ਭਯਾ ਜਬ ਪੂਰਨ ਦੇਵੀ ਕੇ ਆਵਨ ਕਾ ਭਯਾ ਬੇਲਾ ।
ਬਿਪ੍ਰ ਉਚਾਰਿ ਕੀਯੋ ਮੁਖ ਸੌ ਅਬ ਹੋਤ ਹੈ ਕਾਜੁ ਤੁਮਾਰਾ ਸੁਹੇਲਾ ।
ਦੋਯ ਮਨੁਖਨ ਕਾ ਕਾਮ ਨਹੀਂ ਅਬ ਜਵਤ ਹੌ ਤੁਮ ਬੈਠੇ ਇਕੇਲਾ ।
ਸਿੰਘ ਸਵਾਰੀ ਸੋ ਆਵੇਗੀ ਦੇਵੀ ਤੋ ਬਾਧੀਯੋ ਹਥ ਕਹਾਏ ਕੈ ਬੇਲਾ ॥੨੦੨॥

ਲੋਹ ਕਿਵਾਰ ਗਯਾ ਖੁਲ ਜਬ ਤਬ ਪੀਛੈ ਤੇ ਦੇਵੀ ਸਤਾਬ ਹੀ ਆਈ ।
ਤੇਜ ਭਯਾ ਜਗ ਮਾਤ ਕਾ ਐਸਾ ਅਕਾਸ ਤੇ ਬੀਜਲੀ ਦਿਉ ਚਮਕਾਈ ।
ਸੂਰ ਗਯਾ ਛਪਿ ਤਾ ਛਿਨ ਮੈ ਜਬ ਦੀਨੀ ਹੈ ਈਸਰੀ ਆਇ ਦਿਖਾਈ ।
ਠਾਂਢਾ ਭਯਾ ਤਬ ਗੁਰੂ ਗੋਬਿੰਦ ਸਿੰਘ ਦਰਸ਼ਨ ਕੀਏ ਤਿਹ ਜਗ ਮਾਈ ॥੨੦੩॥

ਦੋਹਰਾ–
ਤਬ ਦੇਵੀ ਮੁਖ ਸੌ ਕਹਾ ਤੁਮ ਕੋ ਭੈਯ ਨਹੀ ਕੋਇ ।
ਜੋ ਮਾਂਗੈ ਸੋ ਦੇਊ ਅਬ ਬੈਠਾ ਨਿਜ ਚਿਤਿ ਹੋਇ ॥੨੦੪॥

ਪੰਥ ਕਰਨਿ ਕੀ ਚਾਹਿ ਐਸਾ ਜੋ ਪੰਥ ਨਿਸ਼ੰਗ ।
ਕੋ ਭੂਪਤਿ ਮਮ ਪੰਥ ਸਿਉ ਕਰ ਸਕੈ ਨਾਹੀ ਜੰਗ ॥੨੦੫॥

ਚਾਰੇ ਕੂਟਾ ਜਿਹਿ ਲੌ ਧਰਨ ਸਭ ਨਰ ਲੇਹੁ ਨਿਵਾਏ ।
ਬਲੀ ਸੂਰਮੇ ਵੀਰ ਨਰ ਜੋ ਸਭਿ ਮਿਲਹਿਗੇ ਤੁਹੇ ਆਏ ॥੨੦੬॥

ਪ੍ਰਥਮ ਪੰਥ ਇਹੁ ਸਾਜਕੈ ਪਾਛੈ ਲਯੋ ਸੁਮਾਰਿ ।
ਦੇਵ ਦੈਂਤ ਤੁਹਿ ਪੰਥ ਤੇ ਸਭੈ ਜਾਹਿਗੇ ਹਾਰ ॥੨੦੭॥

ਤਿਲਕ ਕੀਆ ਤਰਵਾਰ ਸੇਂ ਮਾਤਾ ਦੇਵੀ ਆਪ ।
ਤ੍ਰਾਸ ਜੋ ਖਾਯਾ ਸਤਿਗੁਰੂ ਤਾਤੇ ਭਯਾ ਸਰਾਪ ॥੨੦੮॥

ਪਾਂਚ ਸੀਸ ਮਮ ਭੇਟ ਦੇ ਦੇਵੀ ਕੀਆ ਬਖਾਨੁ ।
ਦੀ ਜੌ ਅਬ ਹੀ ਈਹਾ ਤੇ ਹੋਵੈ ਤੁਮ ਕਲਯਾਨੂ ॥੨੦੯॥

ਕਠਨਿ ਭਈ ਤਬ ਸਤਿਗੁਰੂ ਤਬ ਤਹਾ ਸੀਸ ਨਹਿ ਕੋਇ ।
ਫਿਰਿ ਪਾਛੇ ਜਿਤਨੈ ਕਹੋ ਦੇਊਗਾ ਮੈ ਸੋਇ ॥੨੧੦॥

ਸਵਾ ਲਾਖ ਕਾ ਬਚਨ ਕਰਤ ਦੇਵੀ ਗਈ ਛਪਾਯ ।
ਮਾਨ ਲੀਆ ਸਤਿਗੁਰੂ ਜਬ ਨਭ ਪ੍ਰਗਟੀ ਜਾਯ ॥੨੧੧॥

ਯਾਹੀ ਤੇ ਇਸ ਪੰਥ ਮੇਂ ਅਬ ਲੌਂ ਨਾਹੀ ਸੂਖ ।
ਸਵਾ ਲਖ ਮਰੁ ਚੁਕੈਂ ਜਬ ਤਬ ਉਤਰੈ ਸਭੁ ਦੂਖ ॥੨੧੨॥

***

ਗੁਰੋਵਾਚ–
ਤਪ ਸਾਧਤ ਹਰਿ ਮੋਹਿ ਬੁਲਾਯੋ ॥
ਇਮ ਕਹਿਕੈ ਇਹ ਲੋਕ ਪਠਾਯੋ ॥

ਅਕਾਲ ਪੁਰਖ ਬਾਚ–
ਚੌਪਈ–
ਮੈ ਅਪਨਾ ਸੁਤ ਤੋਹਿ ਨਿਵਾਜਾ ॥
ਪੰਥੁ ਪ੍ਰਚੁਰ ਕਰਬੇ ਕਹ ਸਾਜਾ ॥
ਜਾਇ ਤਹਾ ਤੈ ਧਰਮੁ ਚਲਾਇ ॥
ਕਬੁਧ ਕਰਨ ਤੇ ਲੋਕ ਹਟਾਇ ॥੨੯॥

ਕਬਿਬਾਚ ਦੋਹਰਾ–
ਠਾਂਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਯਾਇ ॥
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ ॥੩੦॥

***

ਸ੍ਵੈਯਾ ਅਕਾਲ ਪੁਰਖਿ ਕੇ ਪ੍ਰਤਿ–
ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ ॥੮੬੩॥

***

ਦੋਹਰਾ–
ਕੀਨਾ ਉਦਮ ਪੰਥ ਕਾ ਪੰਚ ਸਿਖ ਮੰਗਵਾਯ ।
ਪਾਹੁਲ ਗੁਰ ਤਿਨ ਕੋ ਦਈ ਸਿਰ ਪਰ ਕੇਸ ਰਖਾਯ ॥੨੧੩॥

ਪੰਚ ਮੇਲ ਸੋਂ ਨਾਂ ਮਿਲਹੁ ਬਚਨ ਕੀਆ ਗੁਰੁ ਏਹੁ ।
ਬੁਰੇ ਕਾਜ ਕੋ ਤਯਾਗਿਕੈ ਭਲਾ ਹੋਇ ਕਰਿ ਲੇਹੁ ॥੨੧੪॥

ਪੰਚ ਮੇਲ ਯਹ ਕਵਨ ਹੈਂ ਸੋ ਭੀ ਕਹੌਂ ਸੁਨਾਇ ।
ਮੀਣੇ ਅਵਰ ਮਸੰਦੀਏ ਭਦਣੀਏ ਨ ਮਿਲਾਇ ॥੨੧੫॥

ਧੀਰ ਮਲੀਏ ਕੁੜੀ ਮਾਰ ਇਨ ਸੋਂ ਭਲਾ ਨ ਮੇਲ ।
ਇਨ ਪਾਂਚੋ ਕਉ ਤਯਾਗਕੈ ਕਰਹੁ ਜਗਤ ਮਹਿਂ ਕੇਲ ॥੨੧੬॥

ਜਿਹ ਬਿਧਿ ਪਾਹੁਲ ਗੁਰ ਦਈ ਤਿਹ ਬਿਧਿ ਤਿਨਸੋਂ ਲੀਨ ।
ਆਪੁ ਸਿਖ ਤਿਨਕਾ ਭਯਾ ਇਹੀ ਕਾਮ ਗੁਰ ਕੀਨ ॥੨੧੭॥

ਚੌਪਈ–
ਵਾਹਿਗੁਰੂ ਇਹੁ ਬਚਨ ਸੁਨਾਯਾ ।
ਗੁਰੂ ਖਾਲਸਾ ਨਾਮੁ ਧਰਾਯਾ ।
ਤੁਮ ਮੇਰੇ ਮੈਂ ਤੁਮਰਾ ਹੂਆ ।
ਤੁਮਰਾ ਹਮਰਾ ਗੁਰੂ ਨ ਦੂਆ ॥੨੧੮॥

ਕਲਿ ਮਹਿ ਹੋਹਿਂ ਪਖੰਡ ਅਨੇਕਾ ।
ਜੋ ਮਮ ਸਿਖ ਨ ਮਾਨੈ ਏਕਾ ।
ਦਾਮਨ ਕਰ ਕੋਊ ਭੀਤ ਨਚਾਵੈ ।
ਤੌਂ ਭੀ ਮਮ ਸਿਖਨ ਨਹੀ ਭਾਵੈ ॥੨੧੯॥

ਨਿਜ ਅੰਗੁਰੀ ਤੇ ਦੂਧ ਚੁਆਵਹਿ ।
ਆਪ ਆਪ ਕੋ ਗੁਰੂ ਕਹਾਵਹਿ ।
ਜੁਵਤਨ ਮੁਝ ਤੇ ਥਾਪੀ ਲੇਵਹਿਂ ।
ਤਾਂਕੋ ਹਮ ਪੁਤ੍ਰ ਫਲ ਦੇਵਹਿਂ ॥੨੨੦॥

ਸਿਖ ਹੋਇ ਸੋ ਮਾਨੈ ਨਾਹੀ ।
ਬਚਨ ਮੋਹਿ ਰਾਖੈ ਰਿਦ ਮਾਹੀ ।
ਜੋ ਗੁਰੁ ਤਯਾਗ ਅਵਰ ਪਹਿ ਜਾਵਹਿ ।
ਅਧਿਕ ਦੁਖ ਸੋਈ ਨਰ ਪਾਵਹਿ ॥੨੨੧॥

ਨਿਜ ਗੁਰ ਤੇ ਜੋ ਕਾਜ ਬਿਗਾਰੈ ।
ਤੌਂ ਭੀ ਗੁਰ ਕੋ ਨਾਂਹਿ ਬਿਸਾਰੈ ।
ਪਰ ਗੁਰੁ ਤੇ ਜੌਂ ਸੌਰੇ ਕਾਮ ।
ਤੌਂ ਭੀ ਤਾਂਕੋ ਲੇਇ ਨ ਨਾਮੁ ॥੨੨੨॥

ਪਰ ਗੁਰ ਜੈਸੇ ਪਰ ਭਰਤਾਰਾ ।
ਰਮੈ ਤੀਯ ਸੋ ਕਹੈ ਛਿਨਾਰਾ ।
ਨਾ ਸਸੁਰਾਰ ਨ ਪੇਈਏ ਥਾਂਉਂ ।
ਤਿਨਕਾ ਕੋਊ ਲੇਤ ਨ ਨਾਂਉਂ ॥੨੨੩॥

ਸ੍ਵੈਯਾ–
ਸਿਖ ਸਭੈ ਹਮਰੇ ਗੁਰ ਹੋ ਤੁਮ ਮੈਂ ਹੋ ਗੁਰੂ ਜਗ ਮਾਹਿ ਤੁਮਾਰਾ ।
ਜੋ ਕਰਿ ਹੈ ਤੁਮਰਾ ਕੋਊ ਦਰਸਨ ਜਾਨੋ ਕੀਯਾ ਤਿਨ ਦਰਸੁ ਹਮਾਰਾ ।
ਜੋ ਤਮ ਮਾਂਗ ਲਹੋ ਮਿਲ ਪਾਂਚ ਸੁਈ ਕਛੁ ਹੋਇ ਨ ਲਾਗ ਹੈ ਬਾਰਾ ।
ਹੈ ਅਰਦਾਸ ਮੇਂ ਆਇ ਰਹਾ ਫਲ ਜੌਂ ਕਲਿ ਮੈਂ ਕੋਊ ਮਾਂਗਨਹਾਰਾ ॥੨੨੪॥

ਪੀਰਨ ਤੇ ਔ ਫਕੀਰਨ ਤੇ ਕੋਊ ਕਾਮ ਨ ਸੌਰਤ ਹੈ ਕਲਿ ਮਾਂਹੀ ।
ਹੋਇ ਹੈ ਕਾਜ ਬਿਲੰਬ ਬਿਨਾ ਜਬ ਸਿਖਨ ਪੈ ਅਰਦਾਸ ਕਰਾਹੀ ।
ਭੂਪ ਬਿਦੇਸ ਪੈ ਲਾਗ ਹੀ ਬਾਰ ਜੌਂ ਕੂਕ ਕਹੈ ਤਬ ਦਾਦ ਨ ਪਾਹੀ ।
ਆਪਨੇ ਭੂਪ ਪੈ ਜਾਯ ਪੁਕਾਰ ਹੈ ਦਾਦ ਮਿਲੈ ਤਿਸਕੋ ਪਲ ਮਾਹੀ ॥੨੨੫॥

ਦੋਹਰਾ–
ਜੋ ਸਿਖਨ ਕੋ ਗੁਰ ਕਹਿਆ ਸੋ ਮੈ ਕਹਾ ਸੁਨਾਇ ।
ਕਵਿ ਕੰਕਨ ਗੁਰ ਚਰਨ ਪਰ ਸਦ ਬਲਿਹਾਰੈ ਜਾਇ ॥੨੨੬॥

ਚੌਪਈ–
ਤਬ ਤੇ ਗੁਰੂ ਪੰਥ ਇਹੁ ਕੀਨਾ ।
ਹੁਕਮ ਅਵਰ ਕਾ ਰਹਿਨੁ ਨ ਦੀਨਾ ।
ਬਾਣੀ ਕਰੀ ਅਕਾਲ ਅਕਾਲ ।
ਚਾਰ ਬਰਨ ਜਪਿ ਹੋਂਹਿਂ ਨਿਹਾਲ ॥੨੨੭॥

ਅਕਾਲ ਪੁਰਖ ਕਾ ਜਾਪੁ ਜੁ ਕਰੈਂ ।
ਸੇ ਨਰ ਕਾਲ ਫਾਸਿ ਨਹੀ ਪਰੈਂ ।
ਤਾਂਤੇ ਕਹੀਏ ਧੰਨ ਅਕਾਲ ।
ਜਾਂਤੇ ਛੂਟ ਜਾਇ ਜਮ ਜਾਲਿ ॥੨੨੮॥

ਐਸਾ ਪੰਥ ਗੁਰੂ ਕਾ ਹੂਆ ।
ਜਾਂਕੇ ਸਮਸਰਿ ਅਵਰੁ ਨ ਦੂਆ ।
ਕਾਨ ਕਿਸੀ ਕੀ ਨਾਂਹਿ ਧਰਾਵੈ ।
ਆਪ ਖਾਲਸਾ ਗੁਰੂ ਕਹਾਵੈ ॥੨੨੯॥

ਜੋਗੀ ਸੰਨਿਆਸੀ ਨਹੀ ਮਾਨੈ ।
ਮੀਰ ਪੀਰ ਕੋ ਕੋਊ ਨ ਜਾਨੇ ।
ਸਭੈ ਸਵਾਰ ਕਹਾਵਹਿਂ ਸਾਹੁ ।
ਐਸਾ ਗੁਰੂ ਚਲਾਯਾ ਰਾਹੁ ॥੨੩੦॥

ਜੇਤੇ ਜਗ ਮਹਿਂ ਫਿਰਹਿਂ ਪਯਾਦੇ ।
ਤਿਨ ਕਾ ਨਾਮੁ ਭਯਾ ਸ਼ਹਿਜ਼ਾਦੇ ।
ਗਾਂਉਂ ਗਾਂਉਂ ਦਿਲੀ ਠਹਿਰਾਈ ।
ਘਰ ਘਰ ਮਹਿਂ ਟਕਸਾਲ ਲਵਾਈ ॥੨੩੧॥

ਦੋਹਰਾ–
ਦਸੋ ਰੁਦ੍ਰ ਪਾਛੇ ਭਏ ਹਨੂ ਇਕਾਦਸ ਜਾਨ ।
ਤਿਉਂ ਪੀਛੇ ਦਸ ਗੁਰਨ ਤੇ ਸਿਖ ਜਾਨੁ ਹਨੁਮਾਨ ॥੨੩੨॥

ਜੇਤਾ ਬਲ ਹਨੁਵੰਤ ਮੈਂ ਸੁਈ ਪੰਥ ਕੇ ਮਾਂਹਿ ।
ਕਵਿ ਕੰਕਨ ਬੀਚਾਰ ਕਹੁ ਯਾ ਮੇ ਸ਼ੰਕਾ ਨਾਹਿ ॥੨੩੩॥

ਸੁਨੈ ਸੁਨਾਵੈ ਮਨੁ ਧਰੈ ਗੁਰ ਕੀ ਕਥਾ ਅਨੰਤ ।
ਤਾਕੋ ਮੁਕਤ ਸਦਾ ਕਰੈ ਬਰੋ ਬਰੋ ਮੁਹਿ ਕੰਤ ॥੨੩੪॥

ਸ੍ਰੀ ਵਾਹਿਗੁਰੂ ॥ ਗੁਰੂ ਨਾਨਕ ਜੀ ਸਹਾਇ ॥

***

## -ਇਤੀ-

***